


ਮੇਰੇ ਦਿਲ ਦੇ ਅਹਿਸਾਸ ਜੀ

ਕਿਸੇ ਲਈ ਬੇਕਾਰ
ਪਰ ਮੇਰੇ ਲਈ ਖਾਸ ਸੀ
ਲਿਖ ਦਿੱਤੇ ਦਿਲ ਖੋਲ ਕੇ
ਜੋ ਦੱਸ ਜਾਂਦੇ ਨੀ ਸੀ ਬੋਲ ਕੇ.....

*ਖੁਦਗਰਜ਼*

(ਮੈ ਖੁਦ ਲਈ ਕਿਉ ਨਹੀ ਜਿਓਂ ਸਕਦੀ ਤੇਰੇ ਵਾਂਗੂ?)

ਇਕ ਸਵਾਲ ਕਈ ਵਾਰ ਮਨ ਵਿਚ ਉੱਠਦਾ ਕਿ ਜ਼ਿੰਦਗੀ ਕੀ ਹੈ... ਮੁਹੱਬਤ ਜ਼ਿੰਦਗੀ ਦਾ ਦੂਜਾ ਨਾਮ ਹੈ ਫੇਰ ਮੁਹੱਬਤ ਕੀ ਹੈ... ਸੱਚਾ ਰਿਸ਼ਤਾ ਕੀ ਹੈ?
ਮੁਹੱਬਤ ਨਿਭਾਉਣੀ ਕਿਵੇਂ ਹੈ ਖੁਦਗਰਜ਼ੀ ਦੀ ਕੁਰਬਾਨੀ ਨਾਲ ਜਾਂ ਖੁਦਗਰਜ਼ ਹੋ ਕੇ ਵੀ ਮੁਹੱਬਤ ਨਿਭਾ ਸਕਦੇ ਹਾਂ... ਜੇ ਜਿਉਣਾ ਮੁਹੱਬਤ ਹੈ ਤਾਂ ਮੁਹੱਬਤ ਵਿਚ ਖੁਦ ਨੂੰ ਮਾਰਨਾ ਕਿਉ ਪੈਂਦਾ ਹੈ ਜੇ ਮਰ ਕੇ ਮੁਹੱਬਤ ਮਿਲਦੀ ਹੈ ਤਾਂ ਮੁਹੱਬਤ ਜ਼ਿੰਦਗੀ ਕਿਵੇਂ ਹੋਈ...
ਜੇ ਖੁਦ ਨੂੰ ਮਾਰ ਕੇ ਨਿਭਾ ਰਹੇ ਹਾਂ ਤਾਂ ਸ਼ਿਕਵੇ ਕਿਉ ਨੇ.. ਜੇ ਮੁਹੱਬਤ ਮਿਲ ਹੀ ਗਈ ਤੇ ਸਕੂਨ ਕਿਉ ਨਹੀ.... ਕਮੀ ਕਿੱਥੇ ਹੈ? ਕੀ ਮੁਹੱਬਤ ਕਰਨੀ ਹੀ ਨਹੀਂ ਆਈ ਜਾਂ ਮੁਹੱਬਤ ਸਮਝ ਹੀ ਨਹੀਂ ਆਈ.... ਰੂਹ ਦੀ ਤੜਫ ਕਿਉ? ਡਰਾਵਨਾ ਸਮਾਂ ਲੰਘਦਾ ਕਿਉ ਨਹੀ

* ਹੁੰਗਾਰਾ *

"ਕੰਧਾਂ ਨੂੰ ਕੀਕਰ ਸੁਣਾਵਾਂ ਇਹ ਹੁੰਗਾਰਾ ਭਰਦੀਆਂ ਨੀ
ਦੁੱਖ ਮੰਨਾ ਤਾਂ ਦੁੱਖ ਸੁਣਾਵਾਂ
ਸੁੱਖ ਮੰਨਾ ਤਾਂ ਸੁੱਖ ਸੁਣਾਵਾਂ...
ਮੈਨੂੰ ਛੱਡ ਕੇ ਖੈਰ ਮਨਾਵਣ....

ਮੇਰੇ ਮੌਤ ਤੇ ਮੇਰੇ ਨਾਲ ਇਹ ਮਰਦੀਆਂ ਨੀ....
ਕਹਾਣੀਆਂ ਕੰਧਾਂ ਨੂੰ ਕੀਕਰ ਸੁਣਾਵਾਂ ਇਹ ਹੁੰਗਾਰਾ ਭਰਦੀਆਂ ਨੀ....
ਲੋੜ ਪੈਣ ਤੇ ਮੇਰੀਆਂ ਨੇ.... ਉਂਝ ਸਿਰਫ ਇਹ ਤੇਰੀਆਂ ਨੇ...
ਤੂੰ ਵੀ ਇਹਨਾਂ ਦਾ ਸਾਥੀ ਇਹਨਾਂ ਵਰਗਾ..
ਖੁਦ ਨੂੰ ਕਿੰਝ ਸਮਝਾਵਾਂ ਸਧਰਾਂ ਵੀ ਮਰਦੀਆਂ ਨੀ ...
ਕਹਾਣੀਆਂ ਕੰਧਾਂ ਨੂੰ ਕੀਕਰ ਸੁਣਾਵਾਂ ਇਹ ਹੁੰਗਾਰਾ ਭਰਦੀਆਂ ਨੀ
ਕਿਵੇਂ ਸੁਣਾਵਾਂ ਪੱਥਰ ਦੀਆਂ ਕੰਧਾਂ ਨੂੰ ਰੂਹ ਦੀ ਹੂਕ...."

" ਰੂਹ ਦਾ ਪੰਛੀ ਪੱਥਰ ਦੇ ਪਿੰਜਰੇ ਵਿੱਚ ਮੁਹੱਬਤ ਦੀ ਜੰਜੀਰ ਨਾਲ ਜਕੜਿਆ ਉਡਾਨ ਕਿਵੇਂ ਭਰੇ... ਜੇ ਅਜ਼ਾਦ ਵੀ ਹੋ ਜਾਵੇ ਤਾਂ ਉੱਡ ਕੇ ਜਾਵੇ ਕਿੱਥੇ...ਜਿਸ ਨੂੰ ਮੁਹੱਬਤ ਦੀ ਗੁਲਾਮੀ ਦੀ ਆਦਤ ਪੈ ਗਈ ਹੋਵੇ..."

" ਕਦੇ ਸੋਚਿਆ ਨਹੀਂ ਸੀ ਕਿ ਮੁਹੱਬਤ ਇਕ ਸਜ਼ਾ ਵਾਂਗੂ ਮਿਲੇਗੀ ਉਹ ਸਜ਼ਾ ਜਿਸ ਨੂੰ ਖੁਸ਼ੀ ਖੁਸ਼ੀ ਖੁਦ ਮਨਜ਼ੂਰ ਕੀਤਾ ਹੋਵੇ."

..

" ਮੈਂਨੂੰ ਨਾ ਮੇਰੀ ਤੇਰੇ ਲਈ ਮੁਹੱਬਤ ਦੀ ਸਮਝ ਲਗਦੀ ਨਾ ਤੇਰੀ ਮੇਰੇ ਲਈ ਮੁਹੱਬਤ ਦੀ ਸਮਝ ਲਗਦੀ ਕਿਸ ਦੀ ਮੁਹੱਬਤ ਸੱਚੀ ਤੇਰੀ ਜਾਂ ਮੇਰੀ... ਜੇ ਤੇਰੀ ਮੁਹੱਬਤ ਮੇਰੇ ਲਈ ਸੱਚੀ ਹੈ ਤਾਂ ਤੈਨੂੰ ਮੇਰੇ ਦੁੱਖ ਦਾ ਅਹਿਸਾਸ ਕਿਉ ਨਹੀ ਜੇ ਅਹਿਸਾਸ ਹੈ ਤਾਂ ਪੂਰਾ ਸਾਥ ਕਿਉ ਨਹੀ ਜੇ ਸਾਥ ਹੈ ਤਾਂ ਮੈਂਨੂੰ ਸਕੂਨ ਕਿਉ ਨਹੀ ..."

*ਜੇ ਮੇਰੀ ਤੇਰੇ ਲਈ ਮੁਹੱਬਤ ਸੱਚੀ ਤਾਂ ਮੈਂਨੂੰ ਤੇਰੇ ਤੋ ਸ਼ਿਕਵਾ ਕਿਉ... *ਮੁਹੱਬਤ ਤਾਂ ਨਫਾ ਨੁਕਸਾਨ ਨੀ ਵੇਖਦੀ.. ਮੁਹੱਬਤ ਤਾਂ ਕੁਰਬਾਨੀ ਹੈ ਖੁਦ ਦੀ... ਫੇਰ ਕਮੀ ਕਿੱਥੇ ਹੈ?

*ਖੁਦਗਰਜ਼ ਹੋ ਕੇ ਤਾਂ ਮੁਹੱਬਤ ਨਹੀਂ ਨਿਭਾਈ ਜਾ ਸਕਦੀ ਫਿਰ ਤੇਰੀ ਮੁਹੱਬਤ ਕਿਵੇਂ ਸੱਚੀ ਹੈ... ਜੇ ਮੈ ਖੁਦਗਰਜ਼ ਹਾਂ ਤਾਂ ਤੇਰੇ ਨਾਲ ਕਿਵੇਂ ਹਾਂ?

ਤੇ ਤੂੰ ਖੁਦਗਰਜ਼ ਹੋ ਕੇ ਵੀ ਮੇਰੇ ਨਾਲ ਕਿਵੇਂ ਹੈ?

ਇੱਕ ਦੂਜੇ ਦੇ ਨਾਲ ਹਾਂ ਇਕ ਦੂਜੇ ਦਾ ਸਾਥ ਹੈ ਪਰ ਕਮੀ ਕਿਉ ਹੈ ਸਕੂਨ ਕਿਉ ਨਹੀ ਰੂਹ ਦੀ ਤੜਫ ਮੁੱਕਦੀ ਕਿਉ ਨਹੀ....
ਤੇਰੇ ਸਾਥ ਦੀ ਖੁਸ਼ੀ ਦੀ ਕੀਮਤ ਚੁਕਾਈ ਹੈ ਖੁਦਾਰੀ ਨੂੰ ਮਾਰ ਕੇ...
ਕੀ ਤੇਰੀ ਮੁਹੱਬਤ ਸੌਖੀ ਮਿਲੀ ਹੈ?

ਤੂੰ ਮੈਨੂੰ ਨੀ ਸਮਝਿਆ ਕਿ ਮੈਂ ਤੈਨੂੰ ਨੀ ਸਮਝੀ?

ਸਵਾਲ ਬਹੁਤ ਨੇ ਜਵਾਬ ਕਿਤੇ ਨੀ.. ਸੱਚੀਂ ਰੂਹ ਦੀ ਹੂਕ ਕੰਧਾਂ ਨੂੰ ਕੀਕਰ ਸੁਣਾਵਾਂ ਇਹ ਹੁੰਗਾਰਾ ਭਰਦੀਆਂ ਨੀ.....

"ਮੈਂ ਸਿਰਫ ਤੇਰੇ ਲਈ ਮਰ ਵੀ ਸਕਦੀ ਹਾਂ
ਤੂੰ ਸਿਰਫ ਮੇਰੇ ਲਈ ਜੀਅ ਵੀ ਨਹੀਂ ਸਕਦਾ"

ਕੀ ਅਹਿਸਾਸ ਸੀ ਜਦੋ ਮੈ ਤੇਰੇ ਲਈ ਮਰ ਵੀ ਗਈ ਸੀ ਤੇ ਫਿਰ ਸਿਰਫ ਤੇਰੇ ਲਈ ਜਿਉਣ ਵੀ ਲੱਗੀ.. ਬਹੁਤ ਬੁਰਾ ਲੱਗਿਆ ਜਦੋ ਤੂੰ ਕਿਹਾ ਕਿ ਤੂੰ ਮੇਰੇ ਲਈ ਨਹੀਂ ਖੁਦ ਲਈ ਸੋਚਦੀ ਹੈ... ਪਰ ਕਦੇ ਸੋਚਿਆ
"ਜੇ ਤੇਰੇ ਬਾਰੇ ਨਾ ਸੋਚਦੀ ਅੱਜ ਸ਼ਾਇਦ ਤੇਰੇ ਨਾਲ ਨਾ ਹੁੰਦੀ"

ਜੇ ਸਿਰਫ਼ ਖੁਦ ਲਈ ਸੋਚਦੀ ਤਾਂ ਤੇਰੇ ਹੱਥ ਨਾ ਛੱਡਦੀ ਸਭ ਫੈਸਲੇ.. ਸੋਚ ਕੇ ਦੇਖਿਆ ਕਰ ਕਦੇ ਜਦੋ ਇਕੱਲਾ ਬੈਠਾ ਹੋਵੇ ਕਿ ਮੈ ਤੇਰੇ ਲਈ ਹਾਂ ਕਿ ਤੂੰ ਮੇਰੇ ਲਈ ਜੇ ਤੂੰ ਮੇਰੇ ਲਈ ਹੀ ਜਿਉਂ ਰਿਹਾ ਤਾਂ ਮੇਰੀ ਖੁਦਾਰੀ ਲਈ ਕੀ ਕੀਤਾ?
ਜੇ ਮੈਂ ਖੁਦਗਰਜ਼ ਹਾਂ ਤਾਂ ਮੈ ਮੇਰੇ ਲਈ ਕੀ ਕੀਤਾ?
ਖੁਦਗਰਜ਼ ਕੌਣ ਰਿਹਾ ਅੱਜ ਤੱਕ.... ਤੂੰ ਜਾਂ ਮੈ ਸੋਚ ਕੇ ਵੇਖੀ ਕਦੇ...

ਹਾਂ ਜੇ ਮੈਂ ਖੁਦਗਰਜ਼ ਹਾਂ ਤਾਂ ਤੇਰੀ ਮੁਹੱਬਤ ਵਿੱਚ ਖੁਦ ਨੂੰ ਕੁਰਬਾਨ ਕਰ ਰਹੀ ਹਾਂ ਤੇਰੇ ਲਈ.... ਜੇ ਇਹ ਖੁਦਗਰਜ਼ੀ ਹੈ ਤਾਂ ਮੈਂ ਖੁਦਗਰਜ਼ ਹੀ ਸਹੀ ਸ਼ੁਕਰ ਹੈ ਮੈਂ ਮਤਲਵੀ ਨਹੀਂ.....

⁎ ਮੇਰੇ ਲਈ ਹੁਣ ਬਚਦੀ ਨਹੀਂ ਮੈ ⁎

ਕੱਲ ਦਾ ਕੀ ਪਤਾ ਆਉਣੀ ਕਿ ਨਹੀਂ...
ਕਿਉਂ ਅੱਜ ਨੂੰ ਜੀ ਕੇ ਹੱਸਦੀ ਨਹੀਂ ਮੈਂ ?
ਜਿਵੇਂ ਉਮਰ ਇਕ ਨਿਆਣੀ ਵਿਚ ਸ਼ੌਂਕ ਸੀ ਖੁਸ਼ ਗੁਮਾਨੀ ਦਾ....
ਹੁਣ ਕਿਉ ਦਿਲ ਨੂੰ ਦਿਲ ਦੀ ਦੱਸਦੀ ਨਹੀਂ ਮੈਂ ?
ਝੂਠੇ ਹਾਸੇ ਝੂਠੀ ਤਸੱਲੀ.. ਕੀ ਖੁਦ ਨੂੰ ਖੁਦ ਹੀ ਡੱਸਦੀ ਨਹੀਂ ਮੈਂ ?
ਕਿਉਂ ਝੂਠੇ ਦੋਸ਼ਾਂ ਝੂਠੇ ਦਾਅਵੇ ਅੱਗੇ ਚੁੱਪ ਕਰ ਜਾਵਾਂ..
ਕਿਉਂ ਖੁਦ ਦੀ ਵਕੀਲ ਖੁਦ ਨਹੀਂ ਬਣਦੀ?
ਕਿਉਂ ਕਿਸੇ ਦੇ ਮੂੰਹ ਵੱਲ ਤੱਕਦੀ ਸੀ ਮੈ?
ਕਿਉ ਹਰ ਇੱਕ ਤੋ ਬੁਰੀ ਕਹਾ ਕੇ ਥੱਕਦੀ ਨਹੀਂ ਮੈਂ ?
ਕਿਉਂ ਬੀਤ ਗਏ ਦਾ ਰੋਣਾ ਰੋਵਾ?
ਕਿਉਂ ਵਾਰ ਵਾਰ ਹੋਈ ਬੇਕਦਰੀ ਸੋਚ ਕੇ ਅੱਕਦੀ ਨਹੀਂ ਮੈਂ ?
ਖੁਦ ਨੂੰ ਪੁੱਛਿਆ ਕਈ ਵਾਰੀ ਇਹ ਸਭ..
ਸੱਚੀ ਦੱਸ ਅੱਜ ਨੂੰ ਜੀ ਕਿਉਂ ਹੱਸਦੀ ਨਹੀਂ ਮੈਂ ?
ਕਿਉਂ ਰਿਸ਼ਤੇ ਨਾਤੇ ਛੁੱਟ ਗਏ ਸਭ?
ਕਿਉ ਕਿਸੇ ਨੂੰ ਜੱਚਦੀ ਨਹੀਂ ਮੈ?
ਕਿਉਂ ਰੂਹ ਨੂੰ ਚੈਨ ਨਹੀਂ ਮਿਲਦੀ?
ਕਿਉਂ ⁎ਮੈਂ ਦੀ ਤਪਸ ਵਿਚ ਮੱਚਦੀ ਨਹੀਂ ਮੈਂ?⁎
ਬੇਗਾਨੀ ਹੀ ਸੀ ਮੈ ਪਹਿਲਾ ਵੀ ਸਭ ਲਈ..
ਬੇਗਾਨੇ ਨੇ ਸਭ ਮੇਰੇ ਲਈ ਵੀ ਹੁਣ...

ਝੂਠੇ ਮਿੱਠੇ ਬੋਲਾਂ ਨਾਲ ਹੁਣ ਰਚਦੀ ਨਹੀਂ ਮੈ
ਮੇਰੀ ਸੋਚ ਖਾ ਜਾਵੇਗੀ ਮੈਨੂੰ ਲੱਗਦਾ ਮੇਰੇ ਲਈ ਹੁਣ ਬਚਦੀ ਨਹੀਂ ਮੈਂ

ਮੈਂ ਸੱਚੀ ਮੇਰੇ ਲਈ ਬਚੀ ਹੀ ਨੀ.. ਤੇਰੇ ਲਈ ਤੇਰੇ ਸਾਥ ਲਈ ਤੇਰੀ ਸੋਚ ਲਈ ਤੇਰੀ ਖੁਸ਼ੀ ਲਈ ਤੇਰੇ ਪਰਿਵਾਰ ਲਈ ਮੇਰੀ ਮੈਂ ਮਰ ਗਈ... ਕਿਤੇ ਨਾ ਕਿਤੇ ਰੂਹ ਦੇ ਕਿਸੇ ਹਨੇਰੇ ਕੋਨੇ ਵਿੱਚ ਅੱਜ ਵੀ ਕਦੇ ਕਦੇ ਇਕ ਟੀਸ ਉਠਦੀ ਆ ਤੇ ਮਰ ਜਾਂਦੀ ਆ ਜੋ ਰਾਤ ਨੂੰ ਸੌਣ ਨੀ ਦਿੰਦੀ.... ਤੇਰੀ ਮੁਹੱਬਤ ਮੈਨੂੰ ਮਿਲ ਗਈ ਰੱਬ ਦੀ ਸ਼ੁਕਰਗੁਜ਼ਾਰ ਹਾਂ ਪਰ ਬਦਲੇ ਵਿਚ ਮੇਰੀ ਰੂਹ ਦਾ ਸਕੂਨ ਲੈ ਗਈ... ਤੂੰ ਤਾਂ ਮਿਲ ਗਿਆ ਪਰ ਤੜਫ ਵੀ ਨਾਲ ਹੀ ਮਿਲ ਗਈ... ਮੈਂ ਤਾਂ ਸੁਣਿਆ ਸੀ ਜਿਸ ਨੂੰ ਮੁਹੱਬਤ ਮਿਲ ਜਾਂਦੀ ਆ ਸਕੂਨ ਵੀ ਮਿਲ ਜਾਂਦਾ ਪਰ ਮੈਨੂੰ ਲੱਗਦਾ ਮੁਹੱਬਤ ਹੀ ਤੜਫ ਦਾ ਦੂਜਾ ਨਾਂ ਹੈ.... ਸਕੂਨ ਤਾਂ ਮੌਤ ਤੋਂ ਵਾਦ ਹੀ ਮਿਲਦਾ ਹੈ... ਪਰ ਕਈ ਵਾਰ ਜਿਉਂਦੇ ਮਰ ਜਾਣਾ ਵੀ ਜ਼ਰੂਰੀ ਹੈ ਮੁਹੱਬਤ ਖਾਤਿਰ...
ਤੇਰੀ ਮੁਹੱਬਤ ਵਿਚ ਮੈ ਖੁਦ ਲਈ ਬਚੀ ਹੀ ਨਹੀਂ..

*ਮਿੱਟੀ*

ਮਿੱਟੀ ਦੇ ਨਾਲ ਮਿੱਟੀ ਹੋ ਗਈ ਮਿੱਟੀ ਹੀ ਸੀ ਮੈ...
ਪਾਣੀ ਤੋ ਡਰਦੀ ਸੀ ਪਾਣੀ ਵਿੱਚ ਹੀ ਘੁਲ ਗਈ..
ਪੱਥਰ ਨਹੀਂ ਮਿੱਟੀ ਹੀ ਸੀ ਮੈ...
ਘੁਮਾਰ ਨੇ ਥੱਪ ਕੇ ਸ਼ੈ ਬਣਾ ਲਈ..
ਤਪ ਤਪਾ ਕੇ ਪੱਕ ਪਕਾ ਲਈ...
ਟੁੱਟ ਗਈ ਪਰ ਠੋਕਰ ਖਾ ਕੇ...
ਕਿਉਂਕਿ ਪੱਥਰ ਨਹੀਂ ਮਿੱਟੀ ਹੀ ਸੀ ਮੈ
ਹੱਥਾਂ ਦੇ ਵਿੱਚ ਘੁੱਟ ਕੇ ਰੱਖੀ..
ਹੌਲੀ ਹੌਲੀ ਕਿਰ ਗਈ ਮੈਂ..
ਉੱਡਦੀ ਉੱਡਦੀ ਫਿਰ ਤੋਂ ਮਿੱਟੀ ਦੇ ਵਿੱਚ ਮਿਲ ਗਈ ਮੈਂ...
ਕੀ ਸ਼ਿਕਵਾ ਤੇਰੇ ਤੋ ਪਹਿਲਾ ਵੀ ਤਾਂ ਮਿੱਟੀ ਹੀ ਸੀ ਮੈਂ...

ਜੇ ਚਾਹੁੰਦਾ ਸੰਭਾਲ ਕੇ ਰੱਖਣੀ...
ਕੱਚਾ ਜਾ ਇਕ ਘਰ ਬਣਾ ਲੈ..
ਲਿੱਪ ਥਿੱਪ ਕੇ ਮਿੱਟੀ ਲਾ ਲੈ...
ਘੁਲ ਮਿਲ ਜਾ ਮਿੱਟੀ ਦੇ ਵਾਂਗਰ..
ਮਿੱਟੀ ਦੇ ਨਾਲ ਮਿੱਟੀ ਹੋ ਜਾ...
ਪੱਥਰ ਹਿਰਦਾ ਮਿੱਟੀ ਬਣਾ ਲੈ...
ਬਦਲਣਾ ਪੈਣਾ ਤੈਨੂੰ ਖੁਦ ਨੂੰ...
ਮੈਂ ਤਾਂ ਪਹਿਲਾਂ ਹੀ ਮਿੱਟੀ ਦੀ ਢੇਰੀ...
ਬਦਲ ਬਦਲ ਫਿਰ ਮਿੱਟੀ ਹੀ ਹੋਗੀ...

*ਆਸ ਦੀ ਲਹਿਰ*

26 ਸਿਤੰਬਰ... ਕਾਫ਼ੀ ਪ੍ਰੇਸ਼ਾਨੀ ਭਰੇ ਦਿਨਾਂ ਤੋਂ ਵਾਦ ਸੋਚਿਆ ਕਿ ਸਮੁੰਦਰ ਕੰਢੇ ਜਾਇਆ ਜਾਵੇ...

ਚਲੇ ਗਏ.... ਸਮੁੰਦਰ ਦੀਆਂ ਲਹਿਰਾਂ ਵੇਖ ਕੇ ਬਹੁਤ ਸਕੂਨ ਵੀ ਮਿਲਿਆ... ਹਰ ਇਕ ਲਹਿਰ ਦੀ ਆਵਾਜ਼ ਸਕੂਨ ਦੇ ਰਹੀ ਸੀ.. ਇਕ ਲਹਿਰ ਆਉਂਦੀ ਤੇ ਦੂਜੀ ਲਹਿਰ ਆਉਂਦੀ ਇਵੇਂ ਹੀ ਕਿੰਨੀਆਂ ਹੀ ਲਹਿਰਾਂ ਇਕ ਤੇ ਇਕ ਆ ਰਹੀਆਂ ਸੀ...

ਕੰਢੇ ਤੇ ਬੈਠਿਆਂ ਮੈ ਲਹਿਰਾਂ ਨੂੰ ਵੇਖ ਕੇ ਸਮਝਣ ਦੀ ਕੋਸ਼ਿਸ਼ ਕਰ ਰਹੀ ਸੀ ਕਿ ਇਹ ਲਹਿਰ ਜੋ ਪਹਿਲੀ ਆਈ ਉਹ ਇਕ ਅਹਿਸਾਸ ਸੀ ਮੇਰੇ ਅੰਦਰ ਦਾ ਜੋ ਕੰਢੇ ਤੇ ਪਹੁੰਚ ਹੀ ਰਿਹਾ ਸੀ ਕਿ ਦੂਜੇ ਅਹਿਸਾਸ ਨੇ ਪਿੱਛੋ ਆਕੇ ਪਹਿਲੇ ਜਜ਼ਬਾਤ ਨੂੰ ਖਤਮ ਕਰ ਦਿੱਤਾ ਪਤਾ ਨਹੀਂ ਕਿੰਨੇ ਹੀ ਅਹਿਸਾਸ ਜੋ ਇਹਨਾਂ ਲਹਿਰਾਂ ਵਰਗੇ ਜੋ ਜੁਬਾਨ ਦੇ ਕੰਢੇ ਤੇ ਆਉਣ ਤੋਂ ਪਹਿਲਾਂ ਹੀ ਇਹਨਾਂ ਲਹਿਰਾਂ ਵਾਂਗੂ ਖਤਮ ਹੋ ਗਏ ਸਦਾ ਲਈ...

ਤੇ ਮੈ ਵੀ ਇਹਨਾਂ ਲਹਿਰਾਂ ਵਰਗੇ ਅਹਿਸਾਸਾਂ ਨਾਲ ਬਣੀ ਸਮੁੰਦਰ ਵਰਗੀ ਹੀ ਕੋਈ ਸ਼ੈ ਹੀ ਹਾਂ ਜੋ ਅਪਣੇ ਅੰਦਰ ਪਤਾ ਨਹੀਂ ਕੀ ਕੁਝ ਸਮੋ ਕੇ ਬੈਠੀ ਹਾਂ ਪਰ ਫੇਰ ਵੀ ਪਤਾ ਨਹੀਂ ਕਿੰਨੇ ਹੀ ਰਿਸ਼ਤਿਆਂ ਨੂੰ ਸਕੂਨ ਸਹੂਲਤ ਦੇਣ ਦੀ ਕੋਸ਼ਿਸ਼ ਵਿੱਚ ਹਾਂ ਕਈ ਵਾਰ ਕੋਸ਼ਿਸ ਕਰਦੀ ਹਾਂ ਕਿ ਇਹ ਛੋਟੀਆਂ ਛੋਟੀਆਂ ਅਹਿਸਾਸਾਂ ਦੀਆਂ ਲਹਿਰਾਂ ਤੂਫਾਨ ਨਾ

ਬਣ ਜਾਣ ਤੇ ਨਾਲ ਵਸਦਾ ਸਭ ਰੋੜ ਕੇ ਲੈ ਜਾਣ ਪਰ ਕੁਦਰਤ ਦੇ ਸਾਥ ਨੇ ਕੁਝ ਨੁਕਸਾਨ ਨਹੀਂ ਹੋਣ ਦਿੱਤਾ ਕਦੇ..... ਸ਼ੁਕਰ ਹੈ ਅਹਿਸਾਸ ਦਬੇ ਨੇ ਗਹਿਰਾਈ ਵਿਚ ਕਿਤੇ....

ਕਈ ਵਾਰ ਲਹਿਰਾਂ ਵੇਖ ਕੇ ਇਹ ਮਹਿਸੂਸ ਹੋਇਆ ਕਿ ਇਹ ਲਹਿਰਾਂ ਉਹ ਰਿਸ਼ਤੇ ਨੇ ਜੋ ਮੇਰੇ ਤੇ ਇਕ ਤੋ ਇਕ ਹਾਵੀ ਹੋ ਰਹੇ ਨੇ..

ਮੈਂ ਮਿੱਟੀ ਬਣੀ ਇਹਨਾਂ ਦੇ ਵਿਚ ਖੁਰ ਖੁਰ ਅੰਦਰ ਹੀ ਅੰਦਰ ਜਾ ਰਹੀ ਹਾਂ ਤੇ ਇਹਨਾਂ ਪਰਾਏ ਰਿਸ਼ਤਿਆਂ ਦੇ ਝੂਠੇ ਅਪਣੇਪਣ ਦੀ ਗਹਿਰਾਈ ਵਿੱਚ ਡੁੱਬਦੀ ਜਾ ਰਹੀ ਹਾਂ.. ਜਿਸ ਉਤੇ ਹੌਲੇ ਹੌਲੇ ਫ਼ਰਜ਼ ਦੀ ਕਾਈ ਜੰਮਦੀ ਜਾ ਰਹੀ ਹੈ ਸਦਾ ਲਈ ਦਬ ਗਈ ਹੈ ਕੰਢੇ ਦੀ ਮਿੱਟੀ....

ਇੱਕ ਵਾਰ ਲੱਗਿਆ ਕਿ ਸਮੁੰਦਰ ਦੀ ਗਹਿਰਾਈ ਵਿੱਚ ਇੱਕ ਸ਼ਾਂਤੀ ਹੈ ਜੋ ਇੱਕ ਤੋ ਬਾਅਦ ਦੂਜੀ ਤੇ ਤੀਜੀ ਤੇ ਹਰ ਅਗਲੀ ਲਹਿਰ ਦੇ ਹੱਥ ਮੇਰੇ ਲਈ ਸੁਨੇਹਾ ਭੇਜ ਰਹੀ ਹੈ ਕਿ ਆਜਾ ਕਿਉ ਦੁਨੀਆਂ ਦੇ ਸ਼ੋਰ ਸ਼ਰਾਬੇ ਵਿੱਚ ਜ਼ਿੰਦਗੀ ਬਰਾਬਾਦ ਕੀਤੀ ਹੈ ਸ਼ਾਂਤੀ ਸਕੂਨ ਸਦਾ ਲਈ ਤੈਨੂੰ ਬੁਲਾ ਰਿਹਾ ਹੈ ਆਜਾ....

ਪਰ ਅਚਾਨਕ ਪਿੱਛੇ ਤੋਂ ਮੇਰੇ ਬੱਚਿਆਂ ਨੇ ਆਕੇ ਮੈਂਨੂੰ ਪਿਆਰ ਕੀਤਾ ਤੇ ਮੈ ਮੇਰੇ ਜਜ਼ਬਾਤਾਂ ਦੇ ਤੂਫਾਨ ਵਿੱਚੋ ਨਿੱਕਲ ਕੇ ਮੇਰੇ ਅਸਲੀ ਸਕੂਨ ਨੂੰ ਮਿਲ ਪਈ ਤੇ ਵਾਪਿਸ ਸਕੂਨ ਭਰੇ ਕਿਨਾਰੇ ਤੇ ਅਪਣੇ ਪਰਿਵਾਰ ਨਾਲ ਰੇਤੇ ਦੇ ਘਰ ਬਣਾਉਣ ਲੱਗੀ।

*ਚੁੱਪ*

ਕਰੋੜਾ ਦੀ ਕੋਠੀ... ਲੱਖਾਂ ਦੀ ਗੱਡੀ... ਮਹਿੰਗੇ ਮਹਿੰਗੇ ਕਪੜੇ.. ਗਹਿਣੇ ... ਮਹਿੰਗੇ ਪਰਸ..ਮਹਿੰਗੀਆਂ ਜੁੱਤੀਆਂ... ਵੱਡਾ ਪਰਿਵਾਰ...ਜੋ ਦਿਲ ਕਰਦਾ ਖ਼ਰੀਦ ਲਉ ਪੈਸੇ ਦੀ ਕਮੀ ਨਹੀਂ...

ਕੀ ਇਹੋ ਜ਼ਿੰਦਗੀ ਵਧੀਆ ਹੈ?

ਕੀ ਪੈਸਾ ਹੀ ਸਭ ਕੁਝ ਹੁੰਦਾ ਹੈ?

ਇੱਜ਼ਤ.. ਕਦਰ.. ਪਰਵਾਹ... ਪਿਆਰ.. ਸਤਿਕਾਰ ਇਹ ਜ਼ਰੂਰੀ ਨਹੀਂ...

ਕੀ ਪੈਸਾ ਐਸ਼ ਅਰਾਮ ਇਹ ਸਭ ਇੱਜ਼ਤ ਮਾਣ ਕਦਰ ਵਜੂਦ ਤੋ ਉਪਰ ਹੈ...

ਛੋਟੇ ਹੁੰਦਿਆ ਤੋਂ ਕਦੇ ਕਿਸੇ ਚੀਜ਼ ਲਈ ਲਾਲਚ ਨੀ ਕੀਤਾ..

ਮਾਂ ਕਪੜੇ ਚੀਜ਼ਾਂ ਲੈ ਕੇ ਦਿੰਦੀ ਰਹੇ...
ਅਪਣੇ ਹੱਥ ਵੀ ਕਦੇ ਪੈਸੇ ਆਉਂਦੇ ਤਾਂ ਸ਼ੌਂਕ ਲਈ ਕੋਈ ਛੋਟੀ ਮੋਟੀ ਚੀਜ਼ ਲੈ ਲੈਣੀ ਕਦੇ ਵੱਡਾ ਨਹੀਂ ਸੀ ਸੋਚਿਆ.. ਅਮੀਰੀ ਗਰੀਬੀ ਦਾ ਪਤਾ ਹੀ ਨਹੀਂ ਸੀ ਕੀ ਹੁੰਦੀ ਆ ਕੋਈ ਚੀਜ਼ ਮਿਲ ਜਾਣੀ ਤਾਂ ਵੀ ਠੀਕ ਨਹੀਂ ਮਿਲਣੀ ਤਾਂ ਵੀ ਠੀਕ... ਪਤਾ ਨਹੀਂ ਸੀ ਕਿ ਕੌਣ ਕਦੋਂ ਚਲਾਕੀ ਕਰਕੇ ਭੋਲਾ ਬਣ ਜਾਂਦਾ ਤੇ ਮੈਨੂੰ ਉਦੋਂ ਹੀ ਪਤਾ ਲੱਗਦਾ ਜਦੋ ਕਿਸੇ ਦੀ ਸਾਜਿਸ਼ ਦਾ ਸ਼ਿਕਾਰ ਬਣ ਕੇ ਕਟਹਿਰੇ ਵਿਚ ਖੜ੍ਹੀ ਹੁੰਦੀ ਸਭ ਦੇ ਮੂੰਹ ਵੇਖਦੀ ਰਹਿ ਜਾਂਦੀ ਕਿ ਮੈਨੂੰ ਤਾਂ ਪਤਾ ਹੀ ਨੀ ਲੱਗਿਆ ਕੌਣ ਚਲਾਕੀ ਕਰ ਗਿਆ ਤੇ ਦੋਸੀ ਮੈਂ ਬਣ ਗਈ...
ਅਪਣੇ ਕੀ ਪਰਾਏ ਕੀ ਸਭ ਵਰਤ ਗਏ.....
ਜਾਂਦੇ ਜਾਂਦੇ ਇਲਜ਼ਾਮਾਂ ਦੀ ਪੰਡ ਇਨਾਮ ਵਿਚ ਦੇ ਗਏ...
ਹੁਣ ਵੀ ਇਹੋ ਹੁੰਦਾ ਆ ਰਿਹਾ...
ਜੇ ਕਦੇ ਮੇਰੇ ਰੱਬ ਅੱਗੇ ਫਰਿਆਦ ਕਰਦੀ ਹਾਂ ਤਾਂ ਜਵਾਬ ਮਿਲਦਾ ਮਿਲ ਤੇ ਰਿਹਾ ਤੈਨੂੰ ਸਭ ਕੁਝ... ਸਭ ਚੀਜ਼ਾਂ ਕਾਹਦੀ ਘਾਟ ਆ.. ਖੁਸ਼ ਰਿਹਾ ਕਰ ਮੈ ਨਾਲ ਹਾਂ ਤੇਰੇ...
ਮੈਂ ਪੁੱਛਦੀ ਹਾਂ...ਕੀ ਤੇਰਾ ਸਾਥ ਕਿਸ ਗੱਲੋਂ ਚਾਹੀਦਾ ਸੀ... ਤੂੰ ਮੇਰੀਆਂ ਕਿਸ ਲੋੜਾਂ ਨੂੰ ਪੁਰੀਆ ਕਰਨ ਦਾ ਵਾਅਦਾ ਕੀਤਾ ਸੀ ਕੀ ਪੈਸੇ.. ਵੱਡਾ ਘਰ ਸਭ ਇਹੋ ਜ਼ਰੂਰੀ ਸੀ... ਹਾਂ ਮਿਲ ਤੇ ਗਿਆ ਸਭ ਕੁਝ... ਪਰ ਮੇਰੀ ਰੂਹ ਮਰ ਗਈ.. ਮੇਰੇ ਵਜੂਦ ਚ ਸਾਹ ਤੋ ਬਿਨਾਂ ਕੁਝ ਵੀ ਨਹੀਂ ਬਚਿਆ...ਹਾਂ ਇੱਕ ਤੇਰੀ ਮੁਹੱਬਤ........

ਕੱਲ ਦਾ ਪਤਾ ਨਹੀਂ ਪਰ ਅੱਜ ਚੁੱਪ ਹਾਂ ਮੈਂ...
ਧੁੱਪ ਵਿਚ ਸੜਦੀ... ਧੁੱਪ ਨੂੰ ਸਾੜਦੀ.... ਖੁਦ ਵੀ ਧੁੱਪ ਹਾਂ ਮੈਂ...
ਕਿਸੇ ਪਤਝੜ ਵਿੱਚ ਸੁੱਕ ਗਿਆ...... ਰੁੱਖ ਹਾਂ ਮੈਂ....
ਹਰ ਇੱਕ ਦੇ ਸੁੱਖ ਦਾ ਸਾਧਨ...ਪਰ ਖੁਦ ਲਈ ਦੁੱਖ ਹਾਂ ਮੈਂ..
ਪਰ ਕਿਉ...
ਸਭ ਕੁਝ ਜਾਣਦੀ ਸਮਝਦੀ ਹਾਂ ਫੇਰ ਵੀ ਅਣਜਾਣ ਹਾਂ...
ਕਿਉ ਨਹੀ ਸਮਝਦੀ ਖੁਦ ਨੂੰ ... ਖੁਦ ਦੇ ਦੁੱਖ ਸੁੱਖ ਨੂੰ

ਕਿਉ ਨਹੀ ਸਮਝਦੀ ਕਿ .... ਮਸ਼ੀਨ ਨਹੀਂ ਮਨੁੱਖ ਹਾਂ ਮੈਂ......
ਨਹੀਂ ਸਮਝਦੀ ਹਾਂ ਸਭ ਪਰ ਫੇਰ ਵੀ ਚੁੱਪ ਹਾਂ ਮੈਂ....

## *ਮੇਰਾ ਰੱਬ*

ਤੈਨੂੰ ਪਤਾ ਮੇਰਾ ਰੱਬ ਮੇਰੇ ਕੋਲ ਰਹਿੰਦਾ...
ਮੇਰਾ ਰੱਬ ਮੇਰਾ ਦੁੱਖ ਸੁੱਖ ਸੁਣਦਾ....
ਮੇਰਾ ਰੱਬ ਮੇਰਾ ਸਾਥ ਦਿੰਦਾ...
ਤੇ ਮੇਰੇ ਜਿਉਣ ਦੀ ਹਿਮੰਤ ਵਧਾ ਦਿੰਦਾ...
ਤੈਨੂੰ ਪਤਾ ਮੇਰਾ ਰੱਬ ਮੇਰੀ ਸਭ ਅਰਦਾਸ ਸੁਣਦਾ..
ਤੇ ਕਦੇ ਕਦੇ ਦੇਰ ਨਾਲ ਹੀ ਸਹੀ
ਮਿੰਨਤਾਂ ਤਰਲੇ ਕਰਵਾ ਕੇ...
ਪਰ ਮੇਰੀ ਅਰਦਾਸ ਪੂਰੀ ਜ਼ਰੂਰ ਕਰਦਾ...
ਤੈਨੂੰ ਪਤਾ ਮੇਰਾ ਰੱਬ ਕਦੇ ਕਦੇ ਮੇਰੇ ਨਾਲ ਗੱਲਾਂ ਵੀ ਕਰਦਾ...
ਤੇ ਉਸ ਦਿਨ ਮੈ ਸਕੂਨ ਨਾਲ ਭਰ ਜਾਂਦੀ ਹਾਂ...
ਤੈਨੂੰ ਪਤਾ ਮੇਰਾ ਰੱਬ ਕਦੇ ਕਦੇ ਨਾਰਾਜ਼ ਵੀ ਹੋ ਜਾਂਦਾ...
ਉਦੋਂ ਮੈ ਖੁਦ ਹੀ ਨਾਰਾਜ਼ ਹੋਕੇ ਰੱਬ ਨਾਲ ਰੁੱਸ ਜਾਂਦੀ ਹਾਂ..
ਤੇ ਮੇਰਾ ਰੱਬ ਮੈਨੂੰ ਹੀ ਮਨਾਉਣ ਵਿਚ ਅਪਣਾ ਗੁੱਸਾ ਭੁਲਾ ਦਿੰਦਾ...
ਤੈਨੂੰ ਪਤਾ ਮੇਰਾ ਰੱਬ ਸਜਾਵਾਂ ਵੀ ਦਿੰਦਾ
ਪਰ ਉਹਨਾਂ ਗੁਨਾਹਾਂ ਦੀ ਜੋ ਕਦੇ ਕੀਤੇ ਹੀ ਨਹੀਂ ਹੁੰਦੇ...
ਮੈ ਕਦੇ ਮੇਰੇ ਰੱਬ ਨੂੰ ਧੋਖਾ ਨੀ ਦਿੱਤਾ...
ਫੇਰ ਵੀ ਉਹ ਕਦੇ ਕਦੇ ਮੇਰੇ ਤੇ ਯਕੀਨ ਕਰਨੋਂ ਹਟ ਜਾਂਦਾ...
ਤੈਨੂੰ ਪਤਾ ਮੈ ਤੇ ਮੇਰਾ ਰੱਬ ਇਕ ਦੂਜੇ ਨੂੰ ਬਹੁਤ ਮੁਹੱਬਤ ਕਰਦੇ ਹਾਂ
ਇੱਕ ਦੂਜੇ ਬਿਨਾਂ ਰਹਿ ਨਹੀਂ ਸਕਦੇ...
ਇਸ ਲਈ ਇਕ ਦੂਜੇ ਦੀਆਂ ਅਣਜਾਣੇ ਵਿੱਚ ਹੋਈਆਂ ਗਲਤੀਆਂ ਭੁਲਾ ਦਿੰਦੇ ਹਾਂ..

ਜਿਸ ਦਿਨ ਮੈ ਮੇਰੇ ਰੱਬ ਨੂੰ ਮਿਲੀ ਸੀ ਉਸ ਦਿਨ ਤੋਂ ਉਹੀ ਮੇਰੀ ਮੰਜ਼ਿਲ ਬਣ ਗਿਆ... ਮੇਰੀ ਜ਼ਿੰਦਗੀ ਬਣ ਗਿਆ... ਮੈ ਮੇਰੇ ਰੱਬ ਦੀ ਭਗਤਣੀ ਹੋ ਗਈ... ਉਸ ਸਮੇਂ ਮੇਰਾ ਰੱਬ ਮੇਰਾ ਰੱਬ ਹੀ ਬਣ ਕੇ ਰਹਿਣਾ ਚਾਹੁੰਦਾ ਸੀ ਭਗਤ ਨਹੀਂ ਸੀ ਬਣਨਾ ਚਾਹੁੰਦਾ... ਇਸ ਤਰਾਂ ਸ਼ਾਇਦ ਉਹਦੇ ਪੁਜਾਰੀ ਰੁੱਸ ਜਾਂਦੇ.. ਜਿਵੇਂ ਵੀ ਸੀ ਮੇਰਾ ਰੱਬ ਮੈਨੂੰ ਮਿਲ ਗਿਆ ਸੀ... ਮੈ ਰੱਬ ਨੂੰ ਦੋਸਤ ਨਹੀਂ ਬਣਾ ਸਕੀ ਕਿਓਕਿ ਮੈ ਰੱਬ ਤੋ ਡਰਦੀ ਰਹੀ.. ਕਿਉਂਕਿ ਮੈ ਸੁਣਿਆ ਸੀ ਰੱਬ ਕਦੇ ਕਦੇ ਸਜ਼ਾ ਵੀ ਦਿੰਦਾ ਉਹਨਾਂ ਗੁਨਾਹਾਂ ਦੀ ਜੋ ਕਦੇ ਕੀਤੇ ਨਹੀਂ ਹੁੰਦੇ... ਮੇਰਾ ਰੱਬ ਕਦੇ ਕਦੇ ਛੋਟੀ ਛੋਟੀ ਗੱਲ ਤੇ ਨਾਰਾਜ਼ ਵੀ ਹੋ ਜਾਂਦਾ ਮੈਨੂੰ ਰੱਬ ਨੂੰ ਮਨਾਉਣਾ ਨਹੀਂ ਸੀ ਆਉਂਦਾ ਤੇ ਮੈ ਰੱਬ ਦੇ ਦਰ ਤੇ ਬੈਠੀ ਰੱਬ ਲਈ ਰੋਂਦੀ ਰਹਿੰਦੀ ਸੀ... ਕੁਝ ਦਿਨ ਬਾਅਦ ਰੱਬ ਅਪਣੇ ਆਪ ਮੰਨ ਜਾਂਦਾ ਤੇ ਹੌਲੀ ਹੌਲੀ ਰੱਬ ਨਾਰਾਜ਼ ਹੋਣੋ ਹਟ ਗਿਆ... ਸ਼ਾਇਦ ਉਸ
ਨੂੰ ਮੇਰੀ ਭਗਤੀ ਤੇ ਯਕੀਨ ਹੋਣ ਲੱਗ ਗਿਆ ਸੀ... ਸ਼ਾਇਦ ਮੈਨੂੰ ਉਸ ਨੂੰ ਯਕੀਨ ਦਵਾਉਣਾ ਨਹੀਂ ਸੀ ਆਉਂਦਾ... ਮੈਨੂੰ ਢੰਗ ਨਹੀਂ ਸੀ ਰੱਬ ਨਾਲ ਗੱਲਾਂ ਕਰਨ ਦਾ... ਸਮਾਂ ਬੀਤਦਾ ਗਿਆ...
{(ਵਹਿਮ) ਮੇਰੀ ਮੇਰੇ ਰੱਬ ਨਾਲ ਵਧੀਆਂ ਬੀਤ ਦੀ ਗਈ... ਤੇ ਹੋਲੀ ਹੋਲੀ ਮੇਰਾ ਰੱਬ ਬਦਲ ਗਿਆ.. ਹੁਣ ਮੇਰਾ ਰੱਬ ਮੇਰੀ ਸੁਣਦਾ ਵੀ ਆ ਤੇ ਮੈਨੂੰ ਸਮਝਦਾ ਵੀ ਆ.. ਨਾਰਾਜ਼ ਵੀ ਹੁੰਦਾ ਮੰਨ ਵੀ ਜਾਂਦਾ ਤੇ ਮਨਾ ਵੀ ਲੈਂਦਾ... ਮੇਰਾ ਰੱਬ ਮੈਨੂੰ ਮੇਰੇ ਤੋਂ ਜਿਆਦਾ ਪਿਆਰ ਕਰਦਾ} ਪਰ ਮੈਨੂੰ ਮੇਰੇ ਤੋਂ ਜਿਆਦਾ ਸਮਝਦਾ ਨਹੀਂ... ਬਹੁਤ ਗੱਲਾਂ ਜੋ ਦਿਲ ਵਿਚ ਹੀ ਰਹਿ ਗਈਆਂ ਪਰ ਕਿਹ ਨਹੀਂ ਹੋਈਆਂ... ਇਸ ਗੱਲੋਂ ਕਿਤੇ ਰੱਬ ਰੁੱਸ ਹੀ ਨਾ ਜਾਵੇ...ਕਿਤੇ ਕਿਸੇ ਗੱਲੋਂ ਸਜ਼ਾ ਹੀ ਨਾ ਸੁਣਾ ਦੇਵੇ.. ਇਸ ਲਈ ਕਦੇ ਕਦੇ ਮੈ ਰੱਬ ਨਾਲ ਮਨ ਹੀ ਮਨ ਗੱਲਾਂ ਕਰਦੀ ਹਾਂ... ਸ਼ਾਇਦ ਰੱਬ ਮਨ ਦੀ ਸਮਝ ਲਵੇ... ਜੁਬਾਨ ਦੀ ਨਾ ਸਮਝੇ...
ਬਾਕੀ ਸਭ ਤੋਂ ਵੱਡੀ ਗੱਲ ਮੇਰਾ ਰੱਬ ਮੇਰੇ ਕੋਲ ਆ.. ਮੇਰੇ ਨਾਲ ਬੋਲਦਾ... ਮੁਹੱਬਤ ਕਰਦਾ.. ਪਰ ਰਿਹਾ ਰੱਬ ਹੀ ਭਗਤਣੀ ਦਾ ਭਗਤ ਨਹੀਂ ਹੋਇਆ....

*ਜ਼ਿੰਦਗੀ ਦੀ ਜੰਗ*

ਜ਼ਿੰਦਗੀ ਕੀ ਹੈ ਕਿਉ ਹੈ ਸਵਾਲ ਹੈ
ਮਨ ਸਮਝਾਉਣ ਲਈ ਜਵਾਬ ਵੀ ਨੇ...
ਪਰ ਸੱਚ ਕੀ ਹੈ ਇਹ ਕੋਈ ਨਹੀਂ ਸਮਝਣਾ ਚਾਹੁੰਦਾ..
ਮੈ ਵੀ ਨਹੀਂ...
ਸੱਚਾਈ ਇਹੀ ਹੈ ਕਿ ਅੱਜ ਦੇ ਸਮੇਂ ਵਿੱਚ ਕੋਈ ਕਿਸੇ ਦਾ ਨਹੀਂ ਜੇ ਕੋਈ ਕਿਸੇ ਦਾ ਹੈ ਵੀ ਤਾਂ ਕੋਈ ਮਜ਼ਬੂਰੀ ਜਾਂ ਫਾਇਦਾ ਰੱਖਣ ਲਈ ਹੀ ਹੈ...
ਮੈਂ ਇਹ ਨਹੀਂ ਕਹਿੰਦੀ ਕਿ ਪਿਆਰ ਮੁਹੱਬਤ ਦੇ ਰਿਸ਼ਤੇ ਨਹੀਂ ਹਨ... ਉਹ ਵੀ ਨੇ ਬਹੁਤ ਨੇ ਤੇ ਉਹਨਾਂ ਨੂੰ ਦੁਨੀਆਂ ਟਿਕਣ ਨੀ ਦਿੰਦੀ...
ਜਿਥੋਂ ਤਕ ਮੇਰਾ ਤਜਰਬਾ ਰਿਹਾ ਸਭ ਮਤਲਬ ਖੋਰ ਹੀ ਮਿਲੇ ਨੇ ਜਾਂ ਉਹ ਜੋ ਪੈਰਾਂ ਥੱਲੇ ਰੱਖਣਾ ਚਾਹੁੰਦੇ ਸੀ...
ਕੁਝ ਰਿਸਤੇ ਜੋ ਬਿਨਾਂ ਮਤਲਬ ਤੋ ਸਾਥ ਦਿੰਦੇ ਨੇ ਉਹੀ ਸੱਚੇ ਨੇ...
ਕਈ ਵਾਰ ਦੁੱਖ ਵੀ ਹੁੰਦਾ ਹੈ ਕਿ ਜਿਹਨਾਂ ਵਾਰੇ ਚੰਗਾ ਸੋਚਿਆ ਹੋਵੇ ਉਹੀ ਤੁਹਾਨੂੰ ਬੁਰਾ ਬਣਾਉਣ ਤੇ ਲੱਗੇ ਹੋਣ ਪਰ ਕੀ ਕਰ ਸਕਦੇ ਹਾਂ ਕੁਝ ਲੋਕਾਂ ਦੀ ਸੋਚ ਫਿਤਰਤ ਹੀ ਐਹੋ ਜਹੀ ਹੁੰਦੀ ਹੈ ਕਿ ਉਹਨਾਂ ਨੂੰ ਕੋਈ ਨਾ ਕੋਈ ਜ਼ਰੂਰ ਚਾਹੀਦਾ ਹੁੰਦਾ ਜੋ ਉਹਨਾਂ ਦੀਆਂ ਸਾਜਿਸ਼ਾਂ ਦਾ ਸ਼ਿਕਾਰ ਬਣਿਆ ਰਹੇ... ਹਾਂ ਇੱਕ ਤਰਾਂ ਦੀ ਬੀਮਾਰੀ ਹੀ ਸਮਝ ਲਓ...
ਜਿਸ ਕਰਕੇ ਉਹਨਾਂ ਨੂੰ ਸਕੂਨ ਨਾਲ ਰਹਿਣਾ ਨਹੀਂ ਆਉਂਦਾ ਤੇ ਨਾਂ ਅਪਣੇ ਆਸ ਪਾਸ ਦੇ ਲੋਕਾਂ ਨੂੰ ਸਕੂਨ ਨਾਲ ਰਹਿਣ ਦਿੰਦੇ ਹਨ...ਇਹਨਾਂ ਦਾ ਇਕੋ ਇਲਾਜ ਹੈ ਕਿ ਇਹਨਾਂ ਤੋ ਪਾਸਾ ਵੱਟ ਲਓ ਜਾਂ ਜੇ ਇਹ ਨਹੀਂ ਕਰ ਸਕਦੇ ਤਾਂ
ਅਪਣੇ ਅਪਣੇ ਨਾਂ ਦੇ ਰੱਬ ਨੂੰ ਯਾਦ ਕਰਕੇ ਇਸ ਬੇਵਜਹ ਦੀ ਜੰਗ ਵਿੱਚ ਕੁੱਦ ਜਾਓ ਮਿਲਣਾ ਤੇ ਕੁਝ ਨਹੀਂ ਪਰ ਇਹ ਮਜ਼ਬੂਰੀ ਹੀ ਸਮਝ ਲਓ ਕਿਉਂਕਿ ਹੋਰ ਕੋਈ ਹੱਲ ਨਹੀਂ ਇਹਨਾਂ ਦਾ...
ਇਹਨਾਂ ਨੂੰ ਸਮਝਾਉਣਾ ਮੱਝ ਅੱਗੇ ਵੀਨ ਵਜਾਉਣ ਬਰਾਬਰ ਜਾਂ ਸਮਝੋ ਪੱਥਰ ਵਿਚ ਖੁਦ ਟੱਕਰ ਮਾਰਨ ਬਰਾਬਰ ਹੁੰਦਾ ਹੈ...
ਮੈ ਨਹੀਂ ਕਹਿੰਦੀ ਮੈ ਚੰਗੀ ਹਾਂ ਬਾਕੀ ਬੁਰੇ... ਬਾਕੀ ਤਾਂ ਜਿਵੇਂ ਨੇ ਪਤਾ ਨਹੀਂ ਪਰ ਮੈਂ ਅਪਣੀ ਤਰੀਫ਼ ਨਹੀਂ ਕਰ ਸਕਦੀ ਕਿਓਕਿ ਮੈਂ ਜੰਗ ਵਿੱਚ ਕੁੱਦ ਗਈ ਹਾਂ ਤੇ ਐਹੋ ਜਹੇ

ਲੋਕਾਂ ਨੇ ਚੰਗੇ ਰਹਿਣ ਨਹੀਂ ਦਿੱਤੀ ਸੋ ਵਾਹਿਗੁਰੂ ਭਲੀ ਕਰਨ ਸਭ ਠੀਕ ਰਹਿਣ ਬੁਰੇ ਭਲੇ ਸਭ ਗੁਨਾਹਗਾਰ.., 🙏

*ਕਿੱਥੇ ਵਸਦਾ ਰੱਬ*

ਕਈ ਵਾਰ ਲੱਗਦਾ ਕਿ ਸਭ ਕਹਿੰਦੇ ਨੇ ਰੱਬ ਤੋਂ ਡਰੋ ਜਾਂ ਰੱਬ ਸਾਡੀ ਅਰਦਾਸ ਸੁਣਨਗੇ.. ਜਾਂ ਰੱਬ ਸਾਡੇ ਅੰਦਰ ਹੀ ਹੈ ਜਾਂ ਰੱਬ ਸਭ ਵੇਖ ਰਿਹਾ ਹੈ ਪਰ ਕੀ ਰੱਬ ਸੱਚੀ ਹੈ?

ਜੇ ਸੱਚੀ ਹੈ ਤਾਂ ਕਿਸ ਰੂਪ ਵਿੱਚ ਹੈ ਅੱਜ ਕੱਲ ਕਿਸੇ ਵੀ ਸ਼ੈ ਦੀ ਪਰਖ ਤੋ ਬਿਨਾਂ ਕਦਰ ਨਹੀਂ... ਸੱਚ ਵੇਖ ਕੇ ਅੱਖਾਂ ਬੰਦ ਕਰਨ ਦਾ ਜ਼ਮਾਨਾ ਹੈ ਰੱਬ ਤੇ ਯਕੀਨ ਕਿਵੇਂ ਕਰੀਏ ਜਿਸ ਨੂੰ ਕਦੇ ਵੇਖਿਆ ਹੀ ਨਹੀਂ...

ਜੇ ਰੱਬ ਵਸਦਾ ਹਰ ਇੱਕ ਅੰਦਰ...
ਤਾਂ ਰੱਬ ਵਗਦਾ ਸੀਤਲ ਹਵਾ ਦੇ ਵਾਂਗਰ...
ਜਾਂ ਰੱਬ ਹੁੰਦਾ ਸ਼ਾਂਤ ਸਮੁੰਦਰ ਵਾਂਗਰ....
ਜਾਂ ਰੱਬ ਚਿਹਕਦਾ ਚਿੜੀਆ ਵਾਂਗਰ..
ਜਾਂ ਮਹਿਕਦਾ ਫੁੱਲਾਂ ਵਾਂਗਰ....
ਜਾਂ ਰੱਬ ਹੁੰਦਾ ਇਕ ਨਿਰਸਵਾਰਥ ਰਿਸਤੇ ਵਾਂਗਰ....
ਜਾਂ ਰੱਬ ਹੁੰਦਾ ਪਵਿੱਤਰ ਮੁਹੱਬਤ ਵਾਂਗਰ.......
ਜੇ ਰੱਬ ਸੱਚੀ ਵਸਦਾ ਹਰ ਇੱਕ ਲਈ ਸ਼ੈਅ ਦੇ ਅੰਦਰ....
ਤਾਂ.....
ਮੈਂ ਰੱਬ ਵੇਖਿਆ ਝਾੜੀਆਂ ਪਿੱਛੇ...ਜਲੀਲ ਹੁੰਦਾ ਹੋਇਆ..
ਮੈ ਰੱਬ ਵੇਖਿਆ
ਕੂੜੇ ਦੇ ਢੇਰ ਵਿਚ ਕਪੜੇ ਵਿਚ ਲਪੇਟਿਆ ਹੋਇਆ...
ਮੈਂ ਰੱਬ ਵੇਖਿਆ ਸੜਕਾਂ ਤੇ ਰੁਲਦਾ...
ਮੈ ਰੱਬ ਵੇਖਿਆ ਅੱਗ ਵਿਚ ਸੜ ਦਾ...
ਮੈਂ ਰੱਬ ਵੇਖਿਆ ਫਾਹੇ ਚੜਦਾ...
ਮੈਂ ਰੱਬ ਵੇਖਿਆ ਭੁੱਖ ਨਾਲ ਲੜਦਾ...

ਮੈ ਰੱਬ ਵੇਖਿਆ ਖੁਦ ਦੇ ਅੰਦਰ ਤੜਫਦਾ....
ਖੁਦ ਨਾਲ ਝਗੜਦਾ....
ਮੈ ਰੱਬ ਵੇਖਿਆ ਮੰਦਰ ਮਸੀਤ ਤੇ ਗੁਰਦੁਆਰੇ ਲਈ ਲੜਦਾ....
ਮੈ ਰੱਬ ਵੇਖਿਆ ਗਰੀਬ ਨਾਲ ਵਿਤਕਰਾ ਕਰਦਾ...
ਮੈ ਰੱਬ ਵੇਖਿਆ ਸੜਕਾਂ ਤੇ ਵਿਕਦਾ...
ਮੈਂ ਰੱਬ ਵੇਖਿਆ ਲੁਕ ਲੁਕ ਇੱਜ਼ਤ ਕਦਰ ਲਈ ਵਿਲਕਦਾ...
ਮੈ ਰੱਬ ਵੇਖਿਆ ਖੁਦ ਦੇ ਅੰਦਰ ਤੜਫਦਾ....
ਖੁਦ ਨਾਲ ਝਗੜਦਾ....
ਕਿੱਥੇ ਹੈ ਰੱਬ ਸੱਚੀ ਮੈਨੂੰ ਨੀ ਦਿਖਦਾ...
ਜੇ ਕਿਤੇ ਤੁਹਾਨੂੰ ਰੱਬ ਮਿਲਿਆ ਤਾਂ ਮੈਨੂੰ ਵੀ ਦੱਸਿਓ...

## ⁎ ਖੈਰ ⁎

ਤੇਰੀ ਖਾਤਿਰ ਝੱਲ ਰਹੇ ਹਾਂ...
ਨਹੀਂ ਮੈ ਕਿਸੇ ਤੋਂ ਕੀ ਲੈਣਾ ਸੀ...

ਕੀ ਸੀ ਮੈ ਕੀ ਬਣ ਗਈ...
ਕਿਸੇ ਦੀ ਗੱਲ ਕਿਵੇਂ ਕਹਾ ਜਾਂਦੀ ਹਾਂ... ਕੋਈ ਵੀ ਕੁਝ ਵੀ ਬੋਲ ਦਿੰਦਾ ਚਲਾ ਜਾਂਦਾ..
ਖੁਦ ਦਾ ਪੱਖ ਨੀ ਰੱਖ ਹੁੰਦਾ ਰੋਂਦੀ ਰਹਿੰਦੀ ਹਾਂ ਕਿ ਕੋਈ ਮੇਰਾ ਪੱਖ ਲਵੇਗਾ ਮੇਰੇ ਵਾਰੇ ਸੋਚੇਗਾ.. ਕਿਉ ਕਿਸੇ ਤੇ ਨਿਰਭਰ ਹਾਂ ਮੈ...
ਕਈ ਵਾਰ ਸੋਚਦੀ ਹਾਂ ਕਿਉ ਹਰ ਇੱਕ ਨੂੰ ਬੁਰੀ ਲੱਗਦੀ ਹਾਂ ਇਨੀਂ ਬੁਰਾ ਕੀ ਕੀਤਾ ਮੈਂ ਕਿਸੇ ਦਾ ਹਰ ਇਕ ਰਿਸ਼ਤਾ ਜੋ ਮੇਰੇ ਨਾਲ ਜੁੜਿਆ ਨਕਾਰਾਤਮਕ ਸੋਚ ਬਣਾ ਬੈਠਾ ਮੇਰੇ ਲਈ...
ਕਿਉ ਮੇਰੇ ਰਿਸ਼ਤੇ ਮੇਰੇ ਹੀ ਦੁਸ਼ਮਣ ਬਣੇ...
ਕਿਉ ਖੁਦ ਵਿੱਚ ਉਲਝ ਗਈ...
ਕਿਉ ਕੋਈ ਮੇਰੇ ਵਾਰੇ ਨਹੀਂ ਸੋਚਦਾ...

ਜੇ ਸੋਚਦਾ ਤਾਂ ਸਿਰਫ ਬੁਰਾ...
ਇਨਾਂ ਬੁਰਾ ਸੋਚਣ ਵਾਲੇ ਬੋਲਣ ਵਾਲੇ... ਸਭ ਹੁਣ ਜੇ ਚੰਗਾ ਬੋਲਦੇ ਆ ਤਾਂ ਸਿਰਫ ਨਾਟਕ ਲੱਗਦਾ ਹੁਣ ਕਿਸੇ ਦੇ ਬੋਲੇ ਮਿੱਠੇ ਬੋਲਾਂ ਤੇ ਯਕੀਨ ਨਹੀਂ ਹੁੰਦਾ ਹੁਣ...
ਮਨ ਅੱਕ ਗਿਆ ਸਭ ਰਿਸ਼ਤਿਆਂ ਤੋ...
ਖੁਦ ਦੀ ਜ਼ਿੰਦਗੀ ਜਿਉਣ ਨੂੰ ਦਿਲ ਕਰਦਾ ਕਦੇ ਕਦੇ... ਕਿਸੇ ਤੇ ਨਿਰਭਰ ਨਾ ਹੋਵਾਂ... ਕਿਸੇ ਦਾ ਅਹਿਸਾਨ ਨਾ ਕਰਾਵਾਂ... ਦੋ ਰੋਟੀਆਂ ਲਈ ਖੁਦ ਦੀ ਇੱਜ਼ਤ.. ਕਦਰ.. ਨਾ ਗਵਾਵਾਂ..
ਪਰ ਕੀ ਕਰਾਂ ਉਸ ਨੂੰ ਕਿਵੇਂ ਸਮਝਾਵਾਂ ਮੇਰਾ ਸਾਥ ਦੇਣ ਲਈ ਜੀਵਨ ਸਾਥੀ ਬਣਿਆ...
ਜੀਵਨ ਸਾਥੀ ਦਾ ਮਤਲਬ ਕੀ ਹੁੰਦਾ ਕੀ ਇਕਠੇ ਖਾਣਾ ਖਾਓ ਇਕਠੇ ਰਾਤ ਬਿਤਾਓ..
ਇਕ ਦੂਜੇ ਨੂੰ ਜ਼ਰੂਰਤ ਦੀਆਂ ਚੀਜ਼ਾਂ ਲਿਆ ਦੋ... ਕੀ ਸਿਰਫ ਇਹੀ ਸਾਥ ਹੁੰਦਾ ਇਹੀ ਪਿਆਰ ਹੁੰਦਾ ਕੀ ਇਕ ਦੂਜੇ ਦਾ ਮਾਣ ਇਕ ਦੂਜੇ ਦੀ ਇੱਜ਼ਤ ਕੁਝ ਨਹੀਂ ਹੁੰਦੀ

ਰਾਹ ਜਾਂਦੇ ਜਾਂ ਵਾਹ ਜਾਂਦੇ
ਤੇਰੇ ਦਰ ਤੋਂ ਮੂੰਹ ਵੱਟ ਕੇ ਲੰਘ ਜਾਂਦੇ...
ਚੰਗੇ ਰਹਿੰਦੇ ਜਾਂ ਮਾੜੇ ਪਰ ਖੁਦ ਨੂੰ ਪਾ ਜਾਂਦੇ...
ਪਰ
ਹੁਣ ਤਾਂ ਤੇਰੇ ਦਰ ਤੇ ਰਹਿ ਗਏ ਹਾਂ...
ਨਾ ਆਗਾਹ ਜਾਂਦੇ ਨਾ ਪਿਛਾਂਹ ਜਾਂਦੇ...
ਖੁਦ ਨੂੰ ਮਾਰ ਗਏ ਹਾਂ...
ਤੇਰੇ ਦਰ ਤੇ...
ਤੇਰਾ ਹੱਕ ਸੀ ਜ਼ਿੰਦਗੀ ਦੀ ਖੈਰ ਦੇਣ ਦਾ...
ਜੇ ਤੇਰੇ ਹੱਥ ਖ਼ਾਲੀ ਸੀ ਮੇਰੇ ਲਈ
ਅਸੀਂ ਤੇਰੇ ਦਰ ਤੇ ਨਾ ਜਾਂਦੇ.
ਜਾਂ ਆਗਾਹ ਜਾਂਦੇ ਜਾਂ ਪਿਛਾਂਹ ਜਾਂਦੇ...

ਹਾਂ ਸਾਇਦ ਖੁਦ ਨੂੰ ਪਾ ਜਾਂਦੇ......

...........................................................................................................
.....

* ਮੁਰਦਾ *

ਹਾਂ ਮੈਂ ਮੁਰਦਾ ਹਾਂ... ਤੂੰ ਵੀ ਮੁਰਦਾ ਹੈ.. ਇਥੇ ਸਭ ਹੀ ਮੁਰਦਾ ਨੇ.. ਫਿਰ ਜਿਉਂਦਾ ਕੌਣ ਹੈ... ਜਿਉਂਦੀਆਂ ਨੇ ਕਬਰਿਸਤਾਨ ਵਿਚ ਰੂਹਾਂ ਜੋ ਆਜ਼ਾਦ ਹੋ ਚੁੱਕੀਆਂ ਨੇ ਮੁਰਦਾ ਜ਼ਿੰਦਗੀ ਤੋਂ ਚਲੀਆਂ ਗਈਆਂ ਨੇ ਮੁਰਦਾਘਰ ਵਿੱਚੋਂ... ਉਹ ਰੂਹਾਂ ਜੋ ਜਿਉਂਦੇ ਜੀ ਮਰ ਚੁੱਕੀਆਂ ਸੀ... ਸਵਾਲ ਇਹ ਆ ਕਿ ਕੋਈ ਜਿਉਂਦੇ ਜੀਅ ਮੁਰਦਾ ਕਿਵੇਂ ਹੋ ਸਕਦਾ ਪਰ ਸੋਚੋ ਮੁਰਦਾ ਹੀ ਹੈ ਅੱਜ ਕੱਲ ਇਨਸਾਨ...ਜ਼ਮੀਰ ਮਰ ਚੁੱਕੀ ਹੈ... ਸਾਫ ਸੱਚੇ ਦਿਲ ਦਾ ਕਤਲ ਕਰ ਦਿੱਤਾ ਗਿਆ ਹੈ... ਇਨਸਾਨ ਦੇ ਅੰਦਰ ਇਨਸਾਨੀਅਤ ਮਰ ਚੁੱਕੀ ਹੈ...ਰਿਸ਼ਤੇ ਮਰ ਚੁੱਕੇ ਹਨ ਰਿਸ਼ਤਿਆਂ ਵਿੱਚ ਅਪਣਾਪਣ ਮਰ ਚੁੱਕਿਆ ਹੈ..... ਕੱਲ ਜੁਗ ਹੈ ਸਤ ਜੁਗ ਮਰ ਚੁੱਕਿਆ ਹੈ... ਇੱਕ ਧੀ ਲਈ ਪਿਉ ਵਰਗੇ ਰਿਸ਼ਤੇ ਮਰ ਗਏ ਜੋ ਉਸਦੀ ਇੱਜ਼ਤ ਦੇ ਵੈਰੀ ਬਣ ਗਏ...ਇੱਕ ਮਾਂ ਵੀ ਮਰ ਗਈ ਜੋ ਖੁਦ ਦੀ ਇੱਜ਼ਤ ਨਹੀਂ ਬਚਾ ਸਕੀ..।. ਇੱਕ ਧੀ ਉਦੋਂ ਮਰ ਗਈ ਜਦੋਂ ਖੁਦ ਦੇ ਘਰ ਵਿਚ ਉਸਨੂੰ ਜਿਉਂਦੀ ਜਾ ਜਨਮ ਤੋਂ ਪਹਿਲਾਂ ਹੀ ਮਾਰ ਦਿੱਤੀ ਗਈ...ਇੱਕ ਪੁੱਤ ਮਰ ਗਿਆ ਜਦੋਂ ਉਹ ਨਸ਼ਾ ਖਾਣ ਦਾ ਆਦੀ ਹੋ ਗਿਆ..ਬਚਿਆ ਕੀ ਰਿਸ਼ਤਿਆਂ ਨੂੰ ਰਿਸ਼ਤੇ ਖਾ ਗਏ.. ਸੱਚ ਨੂੰ ਝੂਠ ਖਾ ਗਿਆ... ਰਿਸ਼ਵਤ ਨੌਕਰੀਆਂ ਖਾ ਗਈ...ਸਰਕਾਰ ਜਨਤਾ ਨੂੰ ਖਾ ਗਈ...ਬੰਦਾ ਬੰਦੇ ਨੂੰ ਖਾ ਗਿਆ...ਬਚਿਆ ਕੀ ਦੁਨੀਆ ਵਿੱਚ ਸਿਰਫ ਮੁਰਦਾ...

ਹੁਣ ਦੱਸੋ ਕਬਰਸਤਾਨ ਵਿੱਚ ਕੌਣ ਨੇ ਦੁਨੀਆਂ ਵਿੱਚ ਕੌਣ

*ਮੈਂ ਮੁਰਦਿਆਂ ਵਿਚ ਗਵਾਚ ਗਿਆ ਹਾਂ
ਲੱਭਦਾ ਲੱਭਦਾ ਜਿਉਂਦੇ ਇਨਸਾਨਾਂ ਨੂੰ
ਘਰਾਂ ਦਾ ਸਕੂਨ ਖੋ ਬੈਠਾ ਬਣਾ ਕੇ ਉੱਚੇ ਮਕਾਨਾਂ ਨੂੰ
ਬੇ ਲੋੜੀਆਂ ਜ਼ਰੂਰਤਾਂ ਪੂਰੀਆਂ ਕਰਦੇ ਕਰਦੇ ਰੋਲ ਦਿੱਤਾ ਅਰਮਾਨਾਂ ਨੂੰ
ਬੰਦਾ ਬੰਦੇ ਨੂੰ ਖਾ ਗਿਆ ਭਰ ਗਿਆ ਸ਼ਮਸ਼ਾਨਾਂ ਨੂੰ
ਮੈਂ ਮੁਰਦਿਆਂ ਵਿਚ ਗਵਾਚ ਗਿਆ ਹਾਂ

ਲੱਭਦਾ ਲੱਭਦਾ ਜਿਉਂਦੇ ਇਨਸਾਨਾਂ ਨੂੰ
(ਰੂਹਾਂ ਆਜ਼ਾਦ ਨੇ ਧੋਖੇ ਤੋਂ ਫਰੇਬ ਤੋਂ ਝੂਠ ਤੋਂ ਰਿਸ਼ਤਿਆਂ ਤੋਂ.. ਰਿਸ਼ਵਤਖੋਰੀ ਤੋਂ ਕੱਲ ਜੁਗ ਤੋਂ )

*ਰਾਤ ਤੋਂ ਬਾਅਦ ਪਹੁ ਫੁਟਾਲੇ ਦੀ ਆਸ ਬਾਕੀ ਹੈ....
ਬਦ ਦੁਆਵਾਂ ਬਹੁਤ ਨੇ...
ਬਸ ਕਿਸੇ ਅਪਣੇ ਦੀ ਕੀਤੀ ਅਰਦਾਸ ਬਾਕੀ ਹੈ..

* ਮਿੰਦੋ *

ਸੋਹਰੇ ਪੇਕੇ ਕੀ ਰੀਤ ਬਣੀ ਹੋਈ ਹੈ ਕਿੰਨਾ ਸੌਖਾ ਹੀ ਦੀ ਧੀ ਦੇ ਹੱਕਦਾਰ ਪਲਾਂ ਵਿਚ ਬਣ ਜਾਂਦੇ

ਕਿਵੇਂ ਪਲਾਂ ਵਿੱਚ ਇੱਕ ਜ਼ਿੰਦਗੀ ਗੁਲਾਮ ਬਣਾ ਲੈਂਦੇ ਨੇ ਉਠਣਾ ਬੈਠਣਾ... ਕਪੜੇ ਪਹਿਨਣ ਦਾ ਢੰਗ...ਸੌਣ ਜਾਗਣ ਤੋ ਲੈ ਕੇ ਕਿਤੇ ਆਉਣ ਜਾਣ ਇਥੋ ਤੱਕ ਕਿ ਉਸਦੇ ਖੁਦ ਦੇ ਪੇਕੇ ਘਰ ਜਾਣ ਦਾ ਫ਼ੈਸਲਾ ਵੀ ਉਸ ਦਾ ਖੁਦ ਦਾ ਨਹੀਂ ਹੁੰਦਾ ਕਦੋਂ ਜਾਣਾ ਕਿੰਨਾ ਸਮਾਂ ਰੁਕਣਾ ਇਹ ਸਭ ਉਸ ਦੇ ਨਵੇਂ ਮਾਲਕ ਵਲੋਂ ਤੈਅ ਕੀਤਾ ਜਾਂਦਾ ਹੈ ਕੀ ਇਹ ਸਹੀ ਹੈ ਕੀ ਵਿਆਹ ਤੋਂ ਬਾਅਦ ਇਕ ਜ਼ਿੰਦਗੀ ਕਿਸੇ ਦੀ ਮਲਕੀਅਤ ਬਣ ਜਾਂਦੀ ਹੈ ਉਸਦੇ ਖੁਦ ਦੇ ਕੋਈ ਅਰਮਾਨ ਨਹੀਂ ਹੁੰਦੇ.. ਹੋਰ ਚੀਜ਼ਾਂ ਚਾਹੇ ਨਾ ਮਿਲਣ ਪਰ ਉਸਦਾ ਹੱਕ ਹੁੰਦਾ ਹੈ ਕਿ ਸੋਹਰੇ ਘਰ ਉਸਨੂੰ ਇੱਜ਼ਤ ਮਿਲੇ ਉਸਦੇ ਕੀਤੇ ਕੰਮਕਾਰ ਦੀ ਕਦਰ ਹੋਵੇ ਉਸ ਤੇ ਝੂਠੇ ਇਲਜ਼ਾਮ ਨਾ ਲਾਏ ਜਾਣ ਜੇ ਇਹ ਸਭ ਨਹੀਂ ਹੁੰਦਾ ਤੇ ਉਸਦੀ ਕੋਈ ਜ਼ਿੰਦਗੀ ਨੀ ਉਸ ਸਿਰਫ ਇਕ ਗੁਲਾਮ ਬਣ ਕੇ ਰਹਿ ਜਾਂਦੀ ਹੈ....

ਇਹ ਸਭ ਗੱਲਾਂ ਸੋਚਦੀ ਮਿੰਦੋ ਅਪਣੇ ਬੀਤੇ ਕੱਲ ਤੇ ਝਾਤੀ ਮਾਰਦੇ ਹੋਏ ਅਪਣੇ ਧੀ ਪਾਲੀ ਦੇ ਆਉਣ ਵਾਲੇ ਭਵਿੱਖ ਵਾਰੇ ਸੋਚ ਕੇ ਡਰ ਜਾਂਦੀ ਹੈ..ਸੋਚਦੀ ਹੈ ਕਿ ਪਾਲੀ ਦਾ ਬਾਪੂ ਹੈ ਨੀ ਭਾਈ ਛੋਟਾ ਹੈ ਜੇ ਉਸਦੇ ਸੋਹਰੇ ਉਹੀ ਸਭ ਪਾਲੀ ਨਾਲ ਕਰਨਗੇ ਜਿਵੇਂ ਉਸ ਨਾਲ ਹੋਇਆ ਹੈ ਤਾਂ ਉਹ ਕਦੇ ਬਰਦਾਸ਼ਤ ਨਹੀਂ ਕਰ ਸਕੇਗੀ.. ਉਸ ਨੇ ਫੈਸਲਾ ਕੀਤਾ ਕੇ ਉਹ ਧੀ ਨੂੰ ਵਿਆਹ ਕੇ ਸੋਹਰੇ ਨਹੀਂ ਭੇਜੇਗੀ ਸਗੋ ਘਰ ਜਵਾਈ ਬਣਾ ਲਵੇਗੀ.. ਜਾਇਦਾਦ ਅੱਧੀ ਅੱਧੀ ਪੁੱਤ ਤੇ ਜਵਾਈ ਨੂੰ ਵੰਡ ਦੇਵੇਗੀ... ਧੀ ਮੇਰੇ ਘਰ ਵਿਚ ਮੇਰੀਆਂ ਅੱਖਾਂ ਸਾਹਮਣੇ ਰਹੇਗੀ ਤਾਂ ਉਸ ਨੂੰ ਸਕੂਨ ਰਹੇਗਾ.. ਪੁੱਤ ਦਾ ਵਿਆਹ ਕਰੇਗੀ ਤੇ ਨੂੰਹ

ਨੂੰ ਵੀ ਪਿਆਰ ਨਾਲ ਰੱਖੇਗੀ ਉਸ ਨੂੰ ਖੁਦ ਤੇ ਪੂਰੀ ਤਸੱਲੀ ਤੇ ਯਕੀਨ ਸੀ ਕਿ ਉਹ ਸਭ ਚੰਗੇ ਤੇ ਵਧੀਆ ਤਰੀਕੇ ਨਾਲ਼ ਸੰਭਾਲ ਲਵੇਗੀ..

ਮਿੰਦੋ ਨੇ ਅਪਣੇ ਜਾਣ ਪਹਿਚਾਣ ਵਿੱਚ ਗੱਲ ਕੀਤੀ ਤਾਂ ਸਭ ਨੇ ਉਸਨੂੰ ਰੋਕਣ ਦੀ ਕੋਸ਼ਿਸ ਕੀਤੀ ਕਿ ਰੀਤ ਰਿਵਾਜ਼ ਬਦਲੇ ਨੀ ਜਾਂਦੇ

ਪਰ ਉਸਨੇ ਵੀ ਫੈਸਲਾ ਕੀਤਾ ਹੋਇਆ ਸੀ ਕਿ ਕਿਸੇ ਹਾਲ ਧੀ ਨੂੰ ਅੱਖਾਂ ਤੋਂ ਉਹਲੇ ਨਹੀਂ ਕਰੇਗੀ...

ਆਖਿਰ ਇਕ ਰਿਸ਼ਤਾ ਮਿਲ ਗਿਆ ਤੇ ਉਹ ਸੋਹਰੇ ਘਰ ਰਹਿ ਲਈ ਵੀ ਮੰਨ ਗਿਆ...ਮਿੰਦੋ ਨੇ ਪੁੱਤ ਤੇ ਧੀ ਦਾ ਵਿਆਹ ਇਕਠੇ ਇਕੋ ਦਿਨ ਕਰ ਦਿੱਤਾ... ਦਿਨ ਵਧੀਆ ਲੰਘ ਰਹੇ ਸੀ ਧੀ ਜਵਾਈ ਪੁੱਤ ਨੂੰਹ ਸਭ ਰਾਜੀ ਖੁਸ਼ੀ ਉਸ ਦੀਆਂ ਅੱਖਾਂ ਸਾਹਮਣੇ ਅਪਣੀ ਜ਼ਿੰਦਗੀ ਬਿਤਾ ਰਹੇ ਸੀ ਕੋਈ ਤੰਗੀ ਨਹੀਂ ਸੀ ਕੰਮ ਕਾਰ ਵੀ ਪੁੱਤ ਤੇ ਜਵਾਈ ਨੇ ਵਧੀਆ ਸੰਭਾਲ ਰੱਖਿਆ ਸੀ...

ਮਿੰਦੋ ਨੂੰ ਖੁਸ਼ੀ ਹੁੰਦੀ ਸੀ ਉਸ ਦਾ ਫ਼ੈਸਲਾ ਠੀਕ ਰਿਹਾ...

ਮਿੰਦੋ ਨੇ ਅਪਣੀ ਸਮਝਦਾਰੀ ਤੇ ਪਿਆਰ ਨਾਲ ਪੁੱਤ ਨੂੰਹ ਤੇ ਧੀ ਜਵਾਈ ਨੂੰ ਇਕੋ ਘਰ ਵਿਚ ਇਕੋ ਵਿਹੜੇ ਵਿਚ ਖੁਸ਼ੀ ਖੁਸ਼ੀ ਰਹਿਣਾ ਸਿਖਾਇਆ... ਕਦੇ ਕੋਈ ਲੜਿਆ ਨੀ ਜੇ ਕੋਈ ਗੱਲ ਵਿਗੜਦੀ ਹੁੰਦੀ ਵੀ ਤਾਂ ਬੜੇ ਸੋਹਣੇ ਢੰਗ ਨਾਲ ਸਭ ਸੁਲਝਾ ਲੈਂਦੀ... ਮਿੰਦੋ ਸੱਸ ਨਹੀਂ ਸਾਰੇ ਬੱਚਿਆਂ ਦੀ ਮਾਂ ਬਣ ਕੇ ਸਭ ਨੂੰ ਪਿਆਰ ਦੇ ਰਹੀ ਸੀ ਕੋਈ ਗਿਲਾ ਸ਼ਿਕਵਾ ਨਹੀਂ ਸੀ ਕਦੇ ਨੂੰਹ ਧੀ ਤੇ ਪੁੱਤ ਜਵਾਈ ਵਿੱਚ ਕਦੇ ਫਰਕ ਨਹੀਂ ਸੀ ਸਮਝਿਆ... ਜੋ ਉਸ ਨਾਲ ਖੁਦ ਨਾਲ ਬੀਤੀ ਉਸਨੇ ਅਪਣੀ ਨੂੰਹ ਨਾਲ ਕਦੇ ਨਹੀਂ ਕੀਤਾ ਤੇ ਜਵਾਈ ਨੂੰ ਵੀ ਪੁੱਤ ਤੋਂ ਵੱਧ ਕੇ ਰੱਖਿਆ.....

ਉਸ ਨੇ ਸਾਬਿਤ ਕੀਤਾ ਕੇ ਦਿਲ ਚ ਦੂਜਿਆਂ ਪ੍ਰਤੀ ਈਰਖਾ ਦੀ ਜਗ੍ਹਾ ਜੇ ਅਪਣਾਪਣ ਲੈ ਕੇ ਜੀਓ ਤਾਂ ਹਰ ਇਕ ਰਿਸ਼ਤਾ ਨਿਭਾਇਆ ਜਾ ਸਕਦਾ ਹੈ

* ਤੇਰੀ ਖਾਤਿਰ ਝੱਲ ਰਹੇ ਹਾਂ...
ਨਹੀਂ ਮੈ ਕਿਸੇ ਤੋਂ ਕੀ ਲੈਣਾ ਸੀ...

* ਵਿਰਲਾਪ *

ਜੀਤ ਨੇ ਕਿਵੇਂ ਨਾ ਕਿਵੇਂ ਸਾਂਝੇਦਾਰੀ ਦੀ ਜਮੀਨ ਖਰੀਦ ਹੀ ਲਈ.... ਅਪਣੇ ਬਣਦੇ ਹਿੱਸੇ ਦੇ ਪੈਸੇ ਹਰ ਹੀਲੇ ਪੂਰੇ ਕਰ ਦਿੱਤੇ... ਮੈ ਸੁਣਿਆ ਕਿ ਸਾਢੇ ਚਾਰ ਹਜ਼ਾਰ ਘੱਟ ਸੀ ਉਹ ਵੀ ਫੋਨ ਵੇਚ ਕੇ ਪੂਰਾ ਕਰ ਹੀ ਦਿੱਤਾ... ਪਤਾ ਨਹੀਂ ਕੀ ਫਾਇਦਾ ਦਿਸ ਰਿਹਾ ਸੀ ਜੀਤ ਨੂੰ ਉਸ ਜਮੀਨ ਵਿੱਚ ਜੋ ਚੰਗਾ ਬੁਰਾ ਵੀ ਨੀ ਸੋਚਿਆ....
ਜੀਤ ਹੋਰੀਂ ਸਾਂਝੇਦਾਰੀ ਦੀ ਲਈ ਜ਼ਮੀਨ ਦਾ ਜਸ਼ਨ ਮਨਾ ਰਹੇ ਸੀ ਮੈ ਵੀ ਕੋਲ ਸੀ ਗੱਲਾਂ ਬਾਤਾਂ ਚੱਲ ਰਾਹੀਆਂ ਸੀ ਜੀਤ ਦੇ ਸੋਨੇ ਦੇ ਕੜੇ ਵਾਰੇ ਹਾਸਾ ਠੱਠਾ ਹੋ ਰਿਹਾ ਸੀ ਕਿ ਫੋਨ ਵੇਚ ਕੇ ਪੈਸੇ ਪੂਰੇ ਕੀਤੇ ਸੋਨੇ ਦਾ ਕੜਾ ਨੀ ਵੇਚਿਆ ਸੱਚੀ ਸੋਨੇ ਦਾ ਹੀ ਆ ਕਿ ਨਕਲੀ ਪਾਈ ਫਿਰਦਾ.... ਜੀਤ ਕੁਝ ਨਾ ਬੋਲਿਆ...
ਇੰਨੇ ਨੂੰ ਆਹ ਕੀ ਹੋਇਆ... ਇਕ ਦਮ ਰੌਲਾ ਪੈ ਗਿਆ... ਜੀਤ ਨੂੰ ਮਾਰਨ ਲਈ ਕੁਝ ਬੰਦੇ ਆ ਗਏ ਜਿਸ ਨੂੰ ਜਿਸ ਪਾਸੇ ਰਾਹ ਮਿਲੀਆ ਭੱਜ ਗਏ... ਜੀਤ ਨੂੰ ਉਹਨਾਂ ਅੱਗੇ ਭੱਜੇ ਜਾਂਦੇ ਨੂੰ ਮੈ ਅਪਣੇ ਅੱਖੀਂ ਵੇਖਿਆ... ਪਲਾਂ ਵਿਚ ਹੀ ਪਤਾ ਲੱਗਿਆ ਕਿ ਜੀਤ ਨੂੰ ਮਾਰ ਦਿੱਤਾ ਗਿਆ.... ਇਹ ਸਭ ਕਿਉ ਹੋਇਆ ਕਿਸੇ ਨੂੰ ਪਤਾ ਨਹੀਂ ਲੱਗਿਆ... ਵਿੱਚ ਵਿੱਚ ਲੋਕਾਂ ਤੋਂ ਇਹੀ ਸੁਣਿਆ ਕਿ ਬੁਰੇ ਕੰਮਾਂ ਦੇ ਬੁਰੇ ਨਤੀਜੇ... ਸਾਂਝੇਦਾਰੀ ਜੀਤ ਨੂੰ ਬੁਰੀ ਪਈ... ਪੈਸੇ ਕਿਵੇਂ ਪੂਰੇ ਕੀਤੇ ਕੌਣ ਜਾਣਦਾ ਸੀ... ਫੋਨ ਵੇਚ ਕਿ ਜ਼ਮੀਨਾਂ ਦੇ ਪੈਸੇ ਨੀ ਪੂਰੇ ਪੈਂਦੇ... ਅਸਲੀ ਗੱਲ ਕਿਸੇ ਨੂੰ ਨਹੀਂ ਪਤਾ...
ਪਰ ਜੀਤ ਦੇ ਘਰ ਪਰਿਵਾਰ ਦਾ ਔਖਾ ਹੋ ਗਿਆ ਉਸ ਦਿਨ ਤੋਂ ਵਾਦ ਜੀਤ ਦੀ ਮਾਂ ਤੇ ਘਰਵਾਲੀ ਕਿਸੇ ਨੂੰ ਨਜ਼ਰੀ ਨੀ ਪਈਆਂ ... ਬਸ ਕਦੇ ਕਦੇ ਉਹਨਾਂ ਦੇ ਘਰ ਤੋਂ ਦਿਲ ਕੰਬਾਊ ਵਿਰਲਾਪ ਦੀ ਆਵਾਜ਼ ਜ਼ਰੂਰ ਸੁਣਾਈ ਦਿੰਦੀ ਸੀ।

ਖਤਰਾ ਤੈਨੂੰ ਖੁਦ ਤੋ ਹੈ...
ਖੁਦ ਤੋ ਬਚ ਜਾ....
ਜਿਥੇ ਕਰਨੀ ਪੈ ਜੇ ਬੇਈਮਾਨੀ...

ਉਸ ਰਾਹ ਤੋ ਬਚ ਜਾ...
ਕੀ ਕਰਨਾ ਲੁੱਟ ਦਾ ਪੈਸਾ...
ਝੂਠ ਦੀ ਦੌਲਤ...
ਮਿਹਨਤ ਇਮਾਨਦਾਰੀ ਨਾਲ ਕਮਾ....
ਜ਼ਿੱਲਤ... ਤੇਰੇ ਦਰ ਨਾ ਆਵੇ...
ਅਪਣੀ ਇੱਜ਼ਤ ਬਚਾਅ...
ਬੁਰੇ ਰਾਹ ਨਾ ਜਾ...
ਟੱਬਰ ਪਿੱਛੇ ਰੁਲ ਜਾਂਦੇ ਨੇ...
ਬੁਰੇ ਕੰਮਾਂ ਦੇ ਬੁਰੇ ਨਤੀਜੇ..
ਅਜੇ ਵੀ ਸੰਭਲ ਜਾ.....
ਖਤਰਾ ਤੈਨੂੰ ਖੁਦ ਤੋ ਹੀ ਹੈ...
ਖੁਦ ਤੋਂ ਬਚ ਜਾ....

ਗੁਰਸੇਵਕ ਸਿੰਘ

(ਇਹ ਕਹਾਣੀ ਕਿਸੇ ਵਲੋਂ ਭੇਜੀ ਗਈ ਹੈ.)

ਮੈ ਵੀ ਬਾਕੀ ਜਵਾਕਾਂ ਵਾਂਗ ਕਾਫੀ ਹੱਸਦਾ ਖੇਡਦਾ ਹੁੰਦਾ ਸੀ ਬਚਪਨ ਵਿਚ ਅਸੀਂ ਵਧੀਆ ਜ਼ਿੰਦਗੀ ਜੀ ਰਹੇ ਸੀ ਕਿਉਂਕਿ ਜਮੀਨ ਵਗੈਰਾ ਵਧੀਆ ਸੀ ਤੇ ਡੈਡੀ ਵੀ ਬਹੁਤ ਮਿਹਨਤੀ ਸੀ

ਸਮਾਂ ਇਕ ਦਮ ਉਦੋ ਬਦਲ ਗਿਆ ਜਦੋਂ ਮੈਂ ਚੌਥੀ ਜਮਾਤ ਵਿੱਚ ਸੀ ਤੇ ਮੇਰੇ ਡੈਡੀ ਦੀ ਅਚਾਨਕ ਮੌਤ ਹੋਗੀ ਕੁਝ ਵੀ ਸਮਝ ਨਹੀਂ ਲੱਗਿਆ ਵੀ ਕੀ ਹੋਇਆ ਮੌਤ ਹੋਣ ਤੋਂ 5-7 ਦਿਨ ਪਹਿਲਾਂ ਬਸ ਬੀਮਾਰ ਹੀ ਰਹੇ ਸੀ ..... ਪਰਿਵਾਰ ਚ ਅਸੀਂ ਤਿੰਨ ਜਣੇ ਹੀ ਸੀ ਡੈਡੀ ਦੀ ਮੌਤ ਤੋ ਬਾਅਦ ਮੈਂ ਤੇ ਮੇਰੀ ਮਾਂ ਇਕੱਲੇ ਰਹਿ ਗਏ ਅਤੇ ਉਸ ਸਮੇਂ ਕਾਫੀ ਰਿਸ਼ਤੇਦਾਰਾਂ ਨੇ ਮਦਦ ਕੀਤੀ ਉਸ ਸਮੇਂ ਚੋ ਲੰਘਣ ਲਈ ਮੈਨੂੰ ਹਰ ਕੋਈ ਸਮਝਾਉਂਦਾ ਕਿ ਤੂੰ ਸਿਆਣਾ ਬਣ ਕਿਉਂਕਿ ਹੁਣ ਤੂੰ ਹੀ ਘਰ ਨੂੰ ਸੰਭਾਲਣਾ ਅੱਗੇ ਜਾ ਕੇ ਤੇ ਕਾਫ਼ੀ ਗੱਲ੍ਹਾਂ ਸਮਝਾਉਂਦੇ ਸੀ ਰਿਸ਼ਤੇਦਾਰ ਅਤੇ ਪਿੰਡ ਵਾਲੇ ਉਦੋਂ ਮੈਨੂੰ ਲੱਗਦਾ ਸੀ ਵੀ ਇਹ ਦਿਮਾਗ ਖਰਾਬ ਕਰਨ ਲੱਗੇ ਆ ਮੇਰਾ ਵੀ ਤੇ ਅਪਣਾ ਵੀ.. . ਫੇਰ ਹੌਲੀ ਹੌਲੀ ਜਦੋਂ

ਬਾਹਰ ਅੰਦਰ ਜਾਂਦਾ ਉਦੋਂ ਏਹੀ ਗੱਲ੍ਹਾਂ ਸੁਣਨ ਨੂੰ ਮਿਲਦੀਆਂ ਤੇ ਉਹਨਾਂ ਗੱਲ੍ਹਾਂ ਨੇ ਐਹੋ ਜਿਹਾ ਅਸਰ ਕੀਤਾ ਮੇਰੇ ਦਿਮਾਗ ਤੇ ਕੇ ਮੈ ਖਿਝਿਆ ਜਿਹਾ ਰਹਿਣ ਲੱਗ ਗਿਆ ਇਵੇਂ ਲੱਗਦਾ ਸੀ ਜਿਵੇਂ ਮੈ ਅਪਣੀ ਉਮਰ ਤੋਂ ਪਹਿਲਾਂ ਹੀ ਵੱਡਾ ਹੋ ਗਿਆ ਹੋਵਾਂ ਤੇ ਸਿਆਣੀਆਂ ਜਿਹੀਆਂ ਗੱਲ੍ਹਾਂ ਕਰਨ ਲੱਗ ਗਿਆ... ਫੇਰ ਇਵੇਂ ਹੀ ਸਮਾਂ ਲੰਘਦਾ ਗਿਆ ਤੇ ਵਧੀਆ ਪੜ੍ਹਾਈ ਕੀਤੀ ਫੇਰ ਮੈ ielts ਕੀਤੀ ਮੈ ਬਹੁਤ ਖੁਸ਼ ਹੋਇਆ ਕਿਉਂਕਿ ਮੈ ਇਸ ਜਗ੍ਹਾ ਵਿਚੋ ਨਿਕਲ ਕੇ ਦੂਰ ਜਾਣਾ ਚਾਹੁੰਦਾ ਸੀ ਫੇਰ ਮੈ ਕਾਫੀ ਏਜੰਟਾਂ ਕੋਲ ਗਿਆ ਤੇ ਮੈ ਆਸਟ੍ਰੇਲੀਆ ਦਾ ਵੀਜ਼ਾ ਲਗਵਾਉਣ ਦੀ ਕੋਸ਼ਿਸ ਕੀਤੀ ਅਤੇ ਮੈਨੂੰ ਵੀਜ਼ਾ ਨਹੀਂ ਮਿਲਿਆ ਕੈਨੇਡਾ ਦੇ ਵੀਜ਼ੇ ਲਈ ਕੋਸ਼ਿਸ ਕੀਤੀ ਤੇ ਵੀਜ਼ਾ ਮਿਲ ਗਿਆ ਮੈ ਏਥੋਂ ਨਿਕਲਣਾ ਚਾਹੁੰਦਾ ਸੀ ਕਿਉ ਕਿ ਲੋਕ ਮੈਨੂੰ ਸਵੇਰ ਸ਼ਾਮ ਇਹੀ ਪੁੱਛਦੇ ਸੀ ਵੀ ਕਦੋਂ ਜਾਣਾ ਬਾਹਰ ਫਿਰ ਤੇ ਕਾਫੀ ਬੁਰਾ ਵੀ ਬੋਲਦੇ ਅਤੇ ਕਾਫੀ ਜਾਣੇ ਮੈਨੂੰ ਵਿਚਾਰਾ ਬਣਾਉਂਦੇ ਕਿ ਇਹ ਵਿਚਾਰੇ ਨਾਲ ਸ਼ੁਰੂ ਤੋ ਹੀ ਏਦਾਂ ਹੁੰਦਾ ਆਇਆ.... ਮੇਰੀ ਜ਼ਿੰਦਗੀ ਜਿਵੇਂ ਮੈ ਸੋਚਦਾ ਸੀ ਉਵੇਂ ਹੀ ਹੋਗੀ ਤੇ ਸੋਚਣ ਲੱਗ ਗਿਆ ਵੀ ਹੁਣ ਮਾੜੇ ਦਿਨ ਚਲੇ ਗਏ...

ਫੇਰ ਇੱਕ ਫਿਕਰ ਪੈ ਗਈ ਕਿ ਮੰਮੀ ਹੁਣ ਇਕੱਲੀ ਰਹੇਗੀ ਪਿੰਡ... ਤੇ ਮੈ ਕਾਫੀ ਕਿਹਾ ਕਿ ਮੇਰੇ ਕੋਲ ਆਜਾ ਆਪਾਂ ਦੋਨੋ ਜਾਣੇ ਰਹਿਨੇ ਆ ਇੱਥੇ ਬਹੁਤ ਵਧੀਆ ਮਹੌਲ ਆ ਇੰਡੀਆ ਨਾਲੋ...

ਪਰ ਜਿਵੇਂ ਕਿਸਮਤ ਨੂੰ ਮੰਜ਼ੂਰ ਸੀ ਤੇ ਇੱਕ ਰਿਸ਼ਤੇਦਾਰ ਨੇ ਕਿਹਾ ਕਿ ਮੁੰਡੇ ਦਾ ਵਿਆਹ ਕਰ ਦਿੰਦੇ ਆ ਆਪਾਂ ਵਧੀਆ ਜਹੀ ਕੁੜੀ ਦੇਖ ਕੇ ਫਿਰ ਘਰ ਦੇ ਕਾਫੀ ਜ਼ੋਰ ਪਾਉਣ ਵਾਦ ਮੈ ਵਿਆਹ ਲਈ ਮੰਨ ਗਿਆ ਤੇ ਇੱਕ ਕੁੜੀ ਦੀ ਦੱਸ ਪਈ ਮੈਨੂੰ ਠੀਕ ਠਾਕ ਓ ਘਰੋਂ ਤੇ ਘਰਦਿਆਂ ਨੂੰ ਕਿਹਾ ਕ ਮੈਨੂੰ ਬਸ ਮੇਰੇ ਵਰਗੀ ਕੁੜੀ ਚਾਹੀਦੀ ਆ ਹੋਰ ਕੋਈ ਮੰਗ ਨੀ , ਕਿਉ ਕਿ ਮੈ ਅਤੀਤ ਵਿੱਚ ਕੁੱਝ ਵੀ ਗ਼ਲਤ ਨਹੀਂ ਸੀ ਕੀਤਾ ਕਿਉ ਕਿ ਬਚਪਨ ਵਿਚ ਗੱਲਾਂ ਈ ਐਹੋ ਜਹੀ ਦਿਮਾਗ ਚ ਪਈਆਂ ਕਿ ਗਲਤ ਪਾਸੇ ਵੱਲ ਨੂੰ ਮੇਰਾ ਧਿਆਨ ਹੀ ਨਹੀ ਗਿਆ .

ਫਿਰ ਮੰਗਣਾ ਹੋਇਆ ਓਸ ਕੁੜੀ ਨਾਲ ਤੇ ਅਸੀਂ ਵਧੀਆ ਗੱਲਾਂ ਕਰਨ ਲੱਗ ਪਏ ਫੋਨ ਤੇ ਉਹਨੇ ਮੈਨੂੰ ਕਾਫੀ ਕੁਝ ਪੁੱਛਿਆ ਮੇਰੇ ਬਾਰੇ ਅਤੇ ਮੇਰੇ ਅਤੀਤ ਬਾਰੇ ਤੇ ਮੈ ਉਸਨੂੰ ਕਾਫੀ

ਕੁੱਝ ਪੁੱਛਿਆ ਤੇ ਉਹਨੇ ਸਾਰਾ ਕੁੱਝ ਏਦਾਂ ਦੱਸਿਆ ਕ ਮੈਂਨੂੰ ਉਹ ਕੁੜੀ ਖੁਦ ਵਰਗੀ ਲੱਗਣ ਲੱਗ ਪਈ
ਫੇਰ ਮੈਂਨੂੰ ਇੰਡੀਆ ਬੁਲਾਇਆ ਗਿਆ ਵਿਆਹ ਲਈ ਤੇ ਵਿਆਹ ਹੋ ਗਿਆ ਮੇਰਾ ਸਮਾਂ ਇੱਕ ਦਮ ਈ ਉਦੋਂ ਬਦਲ ਗਿਆ ਜਦੋਂ ਮੈਂਨੂੰ ਕਿਸੇ ਤੋ ਪਤਾ ਲਗਾ ਕਿ ਉਸ ਦੇ ਪਹਿਲਾਂ ਵੀ ਕਿਸੇ ਨਾਲ ਰਿਸ਼ਤਾ ਰਹਿ ਚੁੱਕਿਆ , ਮੈਂ ਅੰਦਰੋ ਪੂਰਾ ਟੁੱਟਿਆ ਹੋਇਆ ਸੀ ਮੈਂਨੂੰ ਸਮਝ ਨੀ ਸੀ ਆਉਂਦੀ ਕਿ ਕੀ ਕਰਾ ਜਾ ਕੀ ਨਾਂ ਕਰਾ , ਜੇ ਮੈ ਕੁੜੀ ਨੂੰ ਪੁੱਛਿਆ ਕੀ ਅਪਣੇ ਅਤੀਤ ਬਾਰੇ ਦੱਸਦੇ ਮੈਂਨੂੰ ਇੱਕ ਵਾਰ ਸਾਰਾ ਕੁੱਝ ਪਰ ਉਹ ਅਪਣੇ ਅਤੀਤ ਨੂੰ ਲੁਕਾਉਣ ਲਈ ਝੂਠ ਤੇ ਝੂਠ ਬੋਲਦੀ ਗਈ ਤੇ ਸਾਡਾ ਰਿਸ਼ਤਾ ਖਰਾਬ ਹੋਣ ਲੱਗ ਪਿਆ ਹੋਲੀ ਹੌਲੀ ਅਤੇ ਨਾਂ ਮੈ ਇਹ ਗੱਲ ਕਿਸੇ ਨੂੰ ਦੱਸਣ ਜੋਗਾ ਵੀ ਮੇਰੇ ਨਾਲ ਇਹ ਹੋਇਆ . ਫਿਰ ਇੱਕ ਦਿਨ ਮੈਂ ਹਿਮੰਤ ਕਰਕੇ ਅਪਣੀ ਮਾ ਨੂੰ ਫਿਰ ਮੈ ਅਤੇ ਮੇਰੀ ਮਾਂ ਫਿਕਰ ਚ ਰਹਿਣ ਲੱਗ ਪਈ ਕਿ ਹੁਣ ਕੀ ਕੀਤਾ ਜਾਵੇ ਜੇ ਕਿਸੇ ਨੂੰ ਦੱਸਾਂਗੇ ਤਾਂ ਅਗਲੇ ਨੇ ਸੌ ਸੌ ਗੱਲ੍ਹਾਂ ਬਨਾਉਂਦੇ ਫਿਰ ਮਾਤਾ ਨੇ ਹੌਸਲਾ ਜਿਹਾ ਕਰਕੇ ਕੁੜੀ ਵਾਲਿਆ ਕੋਲ ਇਹ ਗੱਲ ਕੀਤੀ ਤੇ ਉਹ ਆਏ ਸਾਡੇ ਘਰ ਤੇ ਜਦੋ ਉਹਨਾਂ ਨੇ ਕੁੜੀ ਨਾਲ ਗੱਲਬਾਤ ਕੀਤੀ ਤਾਂ ਕੁੜੀ ਨੇ ਦਸਿਆ ਕਿ ਉਹ ਕਿਸੇ ਮੁੰਡੇ ਨਾਲ ਰਿਸ਼ਤੇ ਵਿੱਚ ਰਹਿ ਚੁੱਕੀ ਆ ਅਤੇ ਉਹਨੇ ਇਹ ਗੱਲ ਕਿਸੇ ਨੂੰ ਵੀ ਨਹੀਂ ਸੀ ਦੱਸੀ ਹੁਣ ਕੁੜੀ ਦੇ ਘਰਦੇ ਬੇਇੱਜ਼ਤੀ ਤੋ ਡਰਦੇ ਹੋਏ ਕੁੜੀ ਨੂੰ ਸਾਡੇ ਕੋਲ ਹੀ ਛੱਡਗੇ ਅਤੇ ਕਿਹ ਗਏ ਕਿ ਤੁਸੀਂ ਜੋ ਮਰਜ਼ੀ ਕਰੋ ਅਸੀ ਵਿੱਚ ਨੀ ਆਉਂਦੇ ਸਾਡੇ ਵਲੋਂ ਮਾਰਨੀਆਂ ਮਾਰ ਦੋ ਜੇ ਰੱਖਣੀ ਰੱਖ ਲਓ ਉਹ ਕੁੜੀ ਨੂੰ ਕਾਫੀ ਬੋਲੇ ਕਿ ਇਹ ਵਿਆਹ ਤੇਰੀ ਮਰਜ਼ੀ ਨਾਲ ਹੀ ਹੋਇਆ ਸੀ ਤੇ ਤੈਨੂੰ ਪਤਾ ਸੀ ਤੇਰੇ ਬਾਰੇ ਵੀ ਤੇ ਗੁਰਸੇਵਕ ਬਾਰੇ ਵੀ ਉਹ ਕਿਵੇਂ ਦਾ ਮੁੰਡਾ ਆ ਜਾਂ ਉਹਦੀ ਫੈਮਿਲੀ ਕਿਵੇਂ ਦੀ ਆ ਕਾਸ਼ ਜੇ ਤੂੰ ਏਹ ਗੱਲ ਪਹਿਲਾ ਸਾਢੇ ਕੋਲ ਕਰ ਦਿੰਦੀ ਤਾਂ ਅਸੀ ਤੇਰੇ ਲਈ ਤੇਰੇ ਵਰਗਾ ਹੀ ਮੁੰਡਾ ਲੱਭਣਾ ਸੀ ਏਹ ਕੁਝ ਕਿਹ ਕਿ ਉਹ ਘਰੋਂ ਚਲੇ ਗਏ ਅਤੇ ਕਿਹ ਗਏ ਕਿ ਅੱਜ ਤੋਂ ਵਾਦ ਸਾਡਾ ਏਸ ਕੁੜੀ ਨਾਲ ਕੋਈ ਰਿਸ਼ਤਾ ਨੀ .
ਮੇਰਾ ਵੀ ਮਨ ਓਸ ਕੁੜੀ ਤੋ ਮੁੜ ਗਿਆ ਸੀ ਕਿਉ ਕਿ ਉਹਨੇ ਕਾਫੀ ਝੂਠ ਬੋਲੇ ਸੀ ਇਸ ਚੀਜ਼ ਨੂੰ ਲੁਕਾਉਣ ਲਈ ਮੇਰੀ ਵੀ ਝੂਠੀ ਸੌਹ ਖਾਧੀ ਸੀ . ਫਿਰ ਮੈ ਦੁਬਾਰਾ ਕੈਨੇਡਾ ਆਗਿਆ ਤੇ ਸੋਚਿਆ ਕਿ ਟਾਈਮ ਨਾਲ ਹਾਲਾਤ ਵੀ ਬਦਲ ਜਾਣਗੇ ਤੇ ਮੈ ਦਿਨ ਰਾਤ

ਰੱਬ ਨੂੰ ਗਾਲ੍ਹਾਂ ਕੱਢਣ ਲੱਗ ਗਿਆ ਕਿ ਐਹੋ ਜਿਹਾ ਕੁਝ ਮੇਰੇ ਨਾਲ ਹੀ ਕਿਉ ਕੀਤਾ ਏਸ ਤਰਾ ਹੌਲੀ ਹੌਲੀ ਦਿਨ ਲੰਘਦੇ ਗਏ ਤੇ ਨਾ ਚਾਹੁੰਦੇ ਹੋਏ ਵੀ ਸਾਨੂੰ ਓਸ ਕੁੜੀ ਨੂੰ ਅਪਣਾਉਣਾ ਪਿਆ . ਤੇ ਹੁਣ ਉਹ ਕੁੜੀ ਅੱਜ ਕਾਫੀ ਸੁਧਰ ਚੁੱਕੀ ਆ ਤੇ ਸਵੇਰ 2 ਵਜ਼ੇ ਉੱਠ ਕੇ ਪਾਠ ਵੀ ਕਰਦੀ ਆ ਤੇ ਹਰ ਰੋਜ ਅਪਣੀ ਗਲਤੀ ਵੀ ਮੰਨਦੀ ਆ ਰੱਬ ਕੋਲੋ ਵੀ ਤੇ ਸਾਡੇ ਕੋਲੋਂ ਵੀ ਤੇ ਹੌਲੀ ਹੌਲੀ ਸਾਡਾ ਵੀ ਉਹਦੇ ਨਾਲ ਰਿਸ਼ਤਾ ਵਧੀਆ ਹੋ ਗਿਆ ਬਸ ਹੁਣ ਏਹੀ ਸੋਚਦੇ ਆ ਕੇ ਕੋਈ ਪਿਛਲੇ ਜਨਮ ਦੇ ਕਰਮਾਂ ਦਾ ਨਤੀਜਾ ਭੁਗਤਣਾ ਪੈ ਰਿਹਾ ਸੋਚਦੇ ਆ ਕੇ ਜੇ ਮੈ ਓਸ ਦਿਨ ਕੁੜੀ ਨੂੰ ਤਲਾਕ ਦੇ ਦਿੰਦਾ ਤਾਂ ਉਹਨੇ ਸ਼ਾਇਦ ਆਤਮ ਹੱਤਿਆ ਹੀ ਕਰ ਲੈਣੀ ਸੀ ਕਿਉ ਕਿ ਅਪਣੇ ਘਰਦਿਆਂ ਵੱਲੋਂ ਉਹ ਜਮਾਂ ਟੁੱਟ ਚੁੱਕੀ ਸੀ ਮੈਂ ਤੇ ਮੇਰੀ ਮਾਂ ਨੇ ਦੁਖੀ ਰਹਿਣਾ ਸੀ ਤੇ ਸ਼ਾਇਦ ਦੁਬਾਰਾ ਵਿਆਹ ਹੋ ਵੀ ਜਾਂਦਾ ਮੇਰਾ ਮੈਂਨੂੰ ਕੁੜੀ ਤਾਂ ਵੀ ਤਲਾਕਸ਼ੁਦਾ ਹੀ ਮਿਲਣੀ ਸੀ ਸਾਈਦ ਜਾਂ ਉਹ ਜਿਸਦਾ ਪਤੀ ਮਰ ਚੁੱਕਾ ਹੁੰਦਾ ਐਹੋ ਕੁੱਝ ਕਰਕੇ ਅਸੀਂ ਉਸ ਨੂੰ ਅਪਨਾ ਲਿਆ ਤੇ ਅੱਜ ਵਧੀਆ ਲਾਇਫ ਜੀ ਰਹੇ ਆ .

ਮੇਰੇ ਹਿਸਾਬ ਨਾਲ ਆਪਾਂ ਨੂੰ ਕਿਸੇ ਵੀ ਬੰਦੇ ਨੂੰ ਇੱਕ ਵਾਰ ਸੁਧਰਨ ਦਾ ਮੌਕਾ ਦੇਣਾ ਚਾਹੀਦਾ ਹੈ ਕਿਉਂਕਿ ਓਸ ਕੁੜੀ ਨੇ ਵੀ ਅਪਣੇ ਅਨਜਾਣ ਪੁਣੇ ਚ ਆ ਕੇ ਗਲਤੀ ਕੀਤੀ ਤੇ ਅੱਜ ਉਸ ਨੂੰ ਇਹਨਾਂ ਗੱਲਾਂ ਕਰਕੇ ਹੀ ਸ਼ਰਮਿੰਦਾ ਹੋਣਾ ਹੋਣਾ ਪੈ ਰਿਹਾ ਆ ਜਦੋ ਪਿੰਡ ਵਾਲੇ ਜਾਂ ਰਿਸ਼ਤੇਦਾਰ ਆ ਕੇ ਪੁੱਛਦੇ ਆ ਵੀ ਕੁੜੀਏ ਤੇਰੇ ਪੇਕੇ ਕਿਉ ਨੀ ਆਉਂਦੇ ਜਾਂਦੇ ਦਿਖੇ ਕਦੇ ਤਾਂ ਉਹਨੂੰ ਸ਼ਰਮਿੰਦਾ ਹੋ ਕੇ ਹੀ ਜਵਾਬ ਦੇਣਾ ਪੈਂਦਾ ਕੋਈ ਨਾ ਕੋਈ ਤਾਂ ਅਸੀ ਸਮਝਦੇ ਆ ਕੇ ਅਪਣੇ ਕੀਤੇ ਮਾੜੇ ਕੰਮਾਂ ਦਾ ਮਾੜਾ ਨਤੀਜਾ ਹੀ ਭੁਗਤ ਰਹੀ ਆ ਜੋ ਸਾਰਿਆਂ ਨਾਲੋ ਟੁੱਟੀ ਬੈਠੀ ਆ ਤੇ ਮੇਰੇ ਤੋ ਬਿਨਾਂ ਕੋਈ ਉਹਦਾ ਹਾਲ ਚਾਲ ਨੀ ਪੁੱਛ ਰਿਹਾ ਅਤੇ ਸਾਈਦ ਉਹ ਮੁੰਡਾ ਵੀ ਭੁਗਤ ਰਿਹਾ ਹੋਵੇ ਜਿਸ ਨੇ ਇਸ ਨਾਲ ਰਿਸ਼ਤਾ ਬਣਾ ਕੇ ਇਸ ਨੂੰ ਛੱਡ ਦਿੱਤਾ....

End……………..

ਇਸ ਕਹਾਣੀ ਲਈ ਮੇਰਾ ਵਿਚਾਰ ਇਹ ਸੀ ਕਿ ਬੀਤ ਗਏ ਵਿਚ ਜੋ ਵੀ ਹੋਇਆ ਉਹ ਭੁੱਲ ਕੇ ਅਪਣੀ ਨਵੀਂ ਜ਼ਿੰਦਗੀ ਬਾਰੇ ਸੋਚਣਾ ਚਾਹੀਦਾ ਹੈ ਜੋ ਵੀ ਹੋਇਆ ਕੀ ਪਤਾ ਕੁੜੀ ਨਾਲ ਧੋਖਾ ਹੋਇਆ ਹੋਵੇ ਪਰ ਜੋ ਵੀ ਮੇਰਾ ਇਹ ਕਹਿਣਾ ਹੈ ਕਿ ਅਪਣੇ ਬੱਚਿਆ ਨੂੰ

ਇਨਾਂ ਪਿਆਰ ਤੇ ਅਪਣਾਪਣ ਦਿਉ ਕਿ ਗ਼ਲਤ ਰਾਹ ਵੱਲ ਜਾਣ ਹੀ ਨਾ ਕਸੂਰ ਕੁੜੀ ਦਾ ਨਹੀਂ ਉਸਦੇ ਮਾਂ ਪਿਉ ਦਾ ਸੀ...

ਮੇਰੀਆਂ ਹੋਰ ਕਿਤਾਬਾਂ... ਜੋ ਪੰਜਾਬੀ ਲਾਇਬ੍ਰੇਰੀ ਤੇ ਤੁਹਾਨੂੰ ਮਿਲ ਜਾਣਗੀਆਂ

ਮੇਰੇ ਜਜ਼ਬਾਤ

ਮੇਰੇ ਜਜ਼ਬਾਤ2

ਕੈਦ

ਆਸ ਅਜੇ ਬਾਕੀ ਹੈ

ਜੇ ਤੁਸੀਂ ਨਹੀਂ ਪੜ੍ਹੀ ਤਾਂ ਜ਼ਰੂਰ ਪੜ੍ਹਨਾ ਤੇ ਅਪਣੇ ਸੁਝਾਅ ਜ਼ਰੂਰ ਦੇਣਾ..ਤੁਹਾਡੀ ਦਿੱਤੀ ਹੌਸਲਾ ਅਫਜਾਈ ਅੱਗੇ ਹੋਰ ਲਿਖਣ ਦੀ ਹਿਮੰਤ ਬਣਾਈ ਰੱਖਦੀ ਹੈ.. ਤੁਸੀਂ ਸਾਰਿਆਂ ਨੇ ਪਹਿਲਾਂ ਵੀ ਈਮੇਲ ਜ਼ਰੀਏ ਹੌਸਲਾ ਅਫਜਾਈ ਕੀਤੀ ਸਾਰਿਆਂ ਦਾ ਤਹਿ ਦਿਲ ਤੋ ਧੰਨਵਾਦ ਕਰਦੀ ਹਾਂ... ਬਾਕੀ ਮੁੱਖ ਬੰਦ ਕੀ ਹੁੰਦਾ ਕਿਵੇ ਲਿਖੀ ਦਾ ਇਹ ਨਹੀਂ ਪਤਾ ਪਰ ਮੈਨੂੰ ਲੱਗਦਾ ਕਿ ਅਹਿਸਾਸਾਂ ਦੇ ਮੁੱਖ ਬੰਦ ਨਹੀਂ ਹੁੰਦੇ" ਅਪਣੇ ਵਿਚਾਰ gurk3090@gmail.com ਜ਼ਰੂਰ ਦਿਉ ਕਿ ਤੁਸੀਂ ਇਸ ਲਿਖਤ ਲਈ ਕੀ ਮਹਿਸੂਸ ਕੀਤਾ ਕੋਈ ਕਮੀ ਰਹਿ ਗਈ ਹੋਵੇ ਕੋਈ ਅੱਖਰ ਵਾਧ ਘਾਟ ਕਿਰਪਾ ਮਾਫੀ ਦੇਣਾ...